Unedited Version/ Not for Legal/ Official use Dated: Friday, 7th August, 2026

**1000/Karamjit kaur**

## PUNJAB VIDHAN SABHA

*Friday, the 07th August, 2026*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

---

## GREETING MESSAGE BY THE HON'BLE SPEAKER ON THE SACRED OCCASION OF THE PRAKASH PURAB OF SRI GURU HAR KRISHAN SAHIB JI

**ਮਾਣਯੋਗ ਸਪੀਕਰ** : ਵਾਹਿਗੁਰੂ ਜੀ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ।।

ਅੱਜ ਬਾਲਾ ਪ੍ਰੀਤਮ, ਅਸਟਮ ਬਲਬੀਰਾ, ਅੱਠਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਵਸ ਹੈ। ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਪ੍ਰਕਾਸ਼ ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ ਸੰਨ 1656 ਈਸਵੀ ਵਿੱਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ ਜਿੱਥੇ ਅੱਜਕੱਲ੍ਹ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਸੁਭਾਇਮਾਨ ਹੈ। ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਭ ਤੋਂ ਛੋਟੀ ਉਮਰ ਦੇ ਗੁਰੂ ਸਾਹਿਬ ਹੋਏ ਹਨ ਜਿਨ੍ਹਾਂ ਨੂੰ 1661 ਈਸਵੀ ਵਿੱਚ ਕੇਵਲ ਪੰਜ ਸਾਲ ਦੀ ਉਮਰ ਵਿੱਚ ਗੁਰਿਆਈ ਬਖ਼ਸ਼ਸ਼ ਹੋਈ ਅਤੇ ਸੰਨ 1664 ਈਸਵੀ ਵਿੱਚ ਜੋਤੀ ਜੋਤ ਸਮਾਏ। ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਇੰਨੀ ਛੋਟੀ ਉਮਰ ਵਿੱਚ ਗੁਰੂ ਪਦਵੀ ਤੇ ਸੁਸ਼ੋਭਿਤ ਹੋਣਾ ਇਹ ਦਰਸਾਉਂਦਾ ਹੈ ਕਿ ਪਰਮਾਰਥ ਦੇ ਰਾਹ ਵਿੱਚ ਉਮਰ ਦਾ ਕੋਈ ਤਕਾਜ਼ਾ ਨਹੀਂ। ਇੰਨੀ ਛੋਟੀ ਉਮਰ ਵਿੱਚ ਗੁਰੂ ਸਾਹਿਬ ਜੀ ਨੇ ਸਾਡੇ ਲਈ ਕਈ ਪੂਰਨੇ ਪਾਏ ਜਿਨ੍ਹਾਂ ਵਿੱਚ ਸਾਨੂੰ ਹੁਕਮ ਕੀਤਾ ਕਿ ਕੁੜੀਮਾਰ ਨਾਲ ਨਹੀਂ ਵਰਤਣਾ, ਤਮਾਕੂ ਅਤੇ ਹੋਰ ਨਸ਼ਿਆਂ ਦਾ ਸੇਵਨ ਨਹੀਂ ਕਰਨਾ, ਹੱਥੀਂ ਕਿਰਤ ਕਰਨੀ, ਜਾਤ ਪਾਤ ਦਾ ਕੋਹੜ ਸਮਾਜ ਵਿੱਚੋਂ ਦੂਰ ਕਰਨਾ। ਦਿੱਲੀ ਵਿੱਚ ਉਸ ਸਮੇਂ ਹੋਈ ਮਹਾਂਮਾਰੀ ਵਿੱਚ ਅੱਠਵੇਂ ਪਾਤਸ਼ਾਹ ਜੀ ਨੇ ਰੋਗੀਆਂ ਦੀ ਸੰਭਾਲ ਕਰਦਿਆਂ ਆਪਣਾ ਸਰੀਰ ਤਿਆਗਿਆ। ਇਹ ਉਨ੍ਹਾਂ ਦੇ ਪਾਏ ਹੋਏ ਪੂਰਨੇ ਸਨ ਕਿ ਅੱਜ ਜਦੋਂ ਵੀ ਵਿਸ਼ਵ ਵਿੱਚ ਕਿਤੇ ਵੀ ਕੋਈ ਮਹਾਂਮਾਰੀ ਆਉਂਦੀ ਹੈ ਤਾਂ ਸਿੱਖ ਕੌਮ ਸੇਵਾ ਵਾਸਤੇ ਡੱਟ ਜਾਂਦੀ ਹੈ। ਮੇਰੇ ਵੱਲੋਂ ਅੱਠਵੇਂ ਪਾਤਸ਼ਾਹ ਜੀ ਦੇ ਪਾਵਨ ਪ੍ਰਕਾਸ਼ ਦਿਵਸ ਦੀਆਂ ਸਦਨ ਦੇ ਸਮੂਹ ਮੈਂਬਰ, ਸਮੂਹ ਦੇਸ਼ ਵਾਸੀਆਂ ਅਤੇ ਸਾਰੇ ਵਿਸ਼ਵ ਵਿੱਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤ ਰਹਿੰਦੀ ਹੈ, ਉਨ੍ਹਾਂ ਨੂੰ ਕੋਟਾਨਿ ਕੋਟਿ ਵਧਾਈਆਂ ਜੀ।

-------

## STARRED QUESTIONS AND ANSWERS

### ਹਲਕਾ ਰਾਏਕੋਟ ਵਿਖੇ ਨਵੇਂ Judicial Complex ਦੀ ਸਥਾਪਨਾ ਕਰਨਾ

***1980. ਸ੍ਰੀ ਹਾਕਮ ਸਿੰਘ ਠੇਕੇਦਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਏਕੋਟ ਵਿਖੇ ਨਵੇਂ judicial complex ਦੀ ਸਥਾਪਨਾ ਲਈ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ; ਜੇਕਰ ਹਾਂ ਤਾਂ ਇਸ ਲਈ ਕੁੱਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਹੈ ਅਤੇ ਇਸਦੇ ਟੈਂਡਰ ਜਾਰੀ ਕਰਨ ਅਤੇ ਕੰਮ ਸ਼ੁਰੂ ਕਰਨ ਦੀ ਸੰਭਾਵਿਤ ਸਮਾਂ ਸੀਮਾ ਕੀ ਹੈ?

**ਸਰਦਾਰ ਹਰਭਜਨ ਸਿੰਘ:** ਨਹੀਂ ਜੀ। ਹਲਕਾ ਰਾਏਕੋਟ ਵਿਖੇ ਨਵੇਂ ਜੁਡੀਸ਼ਲ ਕੰਪਲੈਕਸ ਦੇ ਨਿਰਮਾਣ ਲਈ ਲੋੜੀਂਦੀ ਜ਼ਮੀਨ ਉਪਲਬਧ ਨਹੀਂ ਹੈ। ਇਸ ਕਾਰਨ ਇਸ ਪ੍ਰੋਜੈਕਟ ਲਈ ਕੋਈ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਨਹੀਂ ਕੀਤੀ ਗਈ ਹੈ।

**ਸ੍ਰੀ ਹਾਕਮ ਸਿੰਘ ਠੇਕੇਦਾਰ:** ਸਪੀਕਰ ਸਾਹਿਬ, ਜਿਹੜਾ ਇਹ ਜੁਡੀਸ਼ੀਅਲ ਕੰਪਲੈਕਸ ਬਣਨਾ ਹੈ, ਅਸੀਂ ਇਸ ਵਾਸਤੇ ਪੌਣੇ ਤਿੰਨ ਕਿੱਲੇ ਜ਼ਮੀਨ ਪਹਿਲਾਂ ਡੀ.ਸੀ. ਸਾਹਿਬ ਨੂੰ ਦੇ ਵੀ ਦਿੱਤੀ ਹੈ। ਉਸ ਦੀ ਕੀਮਤ ਵੀ ਪੈ ਚੁੱਕੀ ਹੈ। ਜੇ ਉਸ ਵਿੱਚ ਕੋਈ ਪ੍ਰਾਬਲਮ ਹੈ ਤਾਂ ਅਸੀਂ ਹੁਣ ਵੀ ਜ਼ਮੀਨ ਦੇਣ ਨੂੰ ਤਿਆਰ ਹਾਂ। ਜ਼ਮੀਨ ਮਿਲ ਜਾਵੇਗੀ।

**ਮਾਣਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸ੍ਰੀ ਹਾਕਮ ਸਿੰਘ ਠੇਕੇਦਾਰ:** ਮੈਂ ਮੰਤਰੀ ਸਾਹਿਬ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਸ਼ੁਰੂ ਹੋ ਜਾਵੇਗਾ? ਇਹ ਜਲਦੀ ਪ੍ਰੋਸੈਸ ਕਰਵਾ ਦੇਣ ਕਿਉਂਕਿ ਸਾਨੂੰ ਇਸ ਵਿੱਚ ਲੱਗਿਆਂ ਤਿੰਨ ਸਾਲ ਹੋ ਗਏ ਹਨ, ਹਾਲੇ ਤੱਕ ਉਸ ਦਾ ਕੰਮ ਸਟਾਰਟ ਨਹੀਂ ਹੋਇਆ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸਦਾ ਕੰਮ ਜਲਦੀ ਸ਼ੁਰੂ ਕਰਵਾ ਦੇਣ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੰਮ ਕਦੋਂ ਤੱਕ ਸਟਾਰਟ ਹੋ ਜਾਵੇਗਾ, ਇਹ ਦੱਸਿਆ ਜਾਵੇ।

**ਮੰਤਰੀ:** ਸਰ, ਜ਼ਮੀਨ ਪ੍ਰਾਪਤੀ ਵਾਸਤੇ ਯਤਨ ਜਾਰੀ ਹਨ। ਜਿਹੜੀ ਇਨ੍ਹਾਂ ਨੇ ਜ਼ਮੀਨ ਦੱਸੀ ਹੈ, ਇਸ ਦੇ ਬਾਰੇ ਅਸੀਂ ਵਿਚਾਰ ਕਰ ਲੈਂਦੇ ਹਾਂ ਜੀ। ਜਦੋਂ ਵੀ ਉਸ ਦਾ ਪ੍ਰੋਸੀਜਰ ਪੂਰਾ ਹੋ ਜਾਵੇਗਾ, ਅਸੀਂ ਨਾਲ ਹੀ ਜੁਡੀਸ਼ੀਅਲ ਕੰਪਲੈਕਸ ਦਾ ਕੰਮ ਸ਼ੁਰੂ ਕਰਵਾ ਦਿਆਂਗੇ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਥੈਂਕ ਯੂ।

-------

## ਹਲਕਾ ਜ਼ੀਰਾ ਦੀਆਂ ਲਿੰਕ ਸੜਕਾਂ ਦਾ ਨਿਰਮਾਣ ਕਰਨਾ

***1981. ਸ੍ਰੀ ਨਰੇਸ਼ ਕਟਾਰੀਆ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜ਼ੀਰਾ ਵਿੱਚ ਕੁੱਲ ਕਿੰਨੇ ਕਿਲੋਮੀਟਰ ਨਵੀਆਂ ਲਿੰਕ ਸੜਕਾਂ ਮਨਜ਼ੂਰ ਹੋਈਆਂ ਹਨ ਅਤੇ ਇਨ੍ਹਾਂ ਸੜਕਾਂ ਦੇ ਨਿਰਮਾਣ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ;ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਵਿਧਾਨ ਸਭਾ ਹਲਕਾ ਜ਼ੀਰਾ ਅਧੀਨ 142.18 ਕਿਲੋਮੀਟਰ ਲੰਬਾਈ ਦੇ 89 ਕੱਚੇ ਰਸਤਿਆਂ ਤੇ 54.69 ਕਰੋੜ ਰੁਪਏ ਦੀ ਲਾਗਤ (ਸਮੇਤ 5 ਸਾਲਾ ਮੈਂਟੀਨੈਂਸ) ਨਾਲ ਨਵੀਆਂ ਲਿੰਕ ਸੜਕਾਂ ਦੀ ਉਸਾਰੀ ਕਰਨ ਦਾ ਕੰਮ SASCI Part-2 ਪ੍ਰਪੋਜ਼ਲ ਅਧੀਨ ਪ੍ਰਵਾਨ ਹੋ ਚੁੱਕਾ ਹੈ। ਇਨ੍ਹਾਂ ਨਵੀਆਂ ਲਿੰਕ ਸੜਕਾਂ ਦੀ ਉਸਾਰੀ ਦਾ ਕੰਮ ਜਲਦ ਹੀ ਸ਼ੁਰੂ ਕਰਵਾ ਦਿੱਤਾ ਜਾਵੇਗਾ। ਇਨ੍ਹਾਂ ਸੜਕਾਂ ਦੇ ਵੇਰਵੇ **ਅਨੁਲੱਗ ੳ** ਤੇ ਨੱਥੀ ਕੀਤੇ ਜਾਂਦੇ ਹਨ।

### ਅਨੁਲੱਗ ੳ

| **ਪੰਜਾਬ ਮੰਡੀ ਬੋਰਡ** | | | | | | | | |
|---|---|---|---|---|---|---|---|---|
| **ਪਾਰਟ-2 ਸਪੈਸ਼ਲ ਅਸਿਸਟੈਟ ਸਾਲ 2026-27 (ਅਸੈਬਲੀ ਹਲਕਾ ਜ਼ੀਰਾ)** | | | | | | | | |
| | | | | | | | | |
| **ਲੜੀ ਨੰ:** | **ਅਸੈਬਲੀ ਹਲਕਾ** | **ਕੰਮ ਦਾ ਨਾਂ** | **ਲੀਅਰ ਲੰਬਾਈ (ਕਿ:ਮੀ)** | **ਕਨਵਰਟਡ ਲੰਬਾਈ ਕਿ:ਮੀ)** | **ਲਾਗਤ (ਲੱਖਾਂ ਵਿੱਚ)** | **ਮੇਨਟੀਨੈਸ ਲਾਗਤ (ਲੱਖਾਂ ਵਿੱਚ )** | **ਕੁੱਲ ਲਾਗਤ (ਲੱਖਾਂ ਵਿੱਚ )** | **ਕੰਮ ਦੀ ਕਿਸਮ** |
| 1 | ਜ਼ੀਰਾ | ਕੋਹਾਲਾ–ਚੱਕ ਹਾਮਦ ਸੜਕ ਤੋਂ ਬਸਤੀ ਖਾਰੇਵਾਲੀ ਤੱਕ ਜੋੜ ਸੜਕ | 1.30 | 1.30 | 46.17 | 5.40 | 51.57 | ਨਵੀ ਉਸਾਰੀ |
| 2 | ਜ਼ੀਰਾ | ਜ਼ੀਰਾ–ਮੱਖੂ ਸੜਕ ਤੋਂ ਵਲਾਇਤ ਸ਼ਾਹ ਜੋੜ ਸੜਕ ਡਾ. ਸਤਨਾਮ ਸਿੰਘ ਦੇ ਘਰ ਤੱਕ | 0.30 | 0.30 | 12.23 | 1.25 | 13.48 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| 3 | ਜ਼ੀਰਾ | ਘੁੱਦੂਵਾਲਾ ਝਾਮਕੇ ਜੋੜ ਸੜਕ ਤੋਂ ਢਾਣੀ ਹੀਰਾ ਸਿੰਘ ਤੱਕ | 0.52 | 0.52 | 19.69 | 2.16 | 21.85 | ਨਵੀ ਉਸਾਰੀ |
| 4 | ਜ਼ੀਰਾ | ਮੱਖੂ–ਜ਼ੀਰਾ ਸੜਕ ਤੋਂ ਢਾਣੀ ਜਪਦੀਪ ਸਿੰਘ ਭੁੱਲਰ ਤੱਕ | 0.25 | 0.25 | 10.54 | 1.04 | 11.58 | ਨਵੀ ਉਸਾਰੀ |
| 5 | ਜ਼ੀਰਾ | ਮੁੰਡੀ ਛਰੀਮਾਰ ਤੋਂ ਜੋੜ ਸੜਕਿ ਢਿੱਬਵਾਲਾ ਅਮੀਰਸ਼ਾਹ ਤੱਕ | 1.42 | 1.42 | 50.24 | 5.89 | 56.13 | ਨਵੀ ਉਸਾਰੀ |
| 6 | ਜ਼ੀਰਾ | ਮੱਖੂ–ਜਲੰਧਰ ਸੜਕ ਤੋਂ ਤਿੱਬੀ ਤੈਬਾਂ ਤੱਕ | 1.40 | 1.40 | 49.56 | 5.81 | 55.37 | ਨਵੀ ਉਸਾਰੀ |
| 7 | ਜ਼ੀਰਾ | ਕੋਹਾਲਾ–ਚੱਕ ਹਾਮਦ ਸੜਕ ਤੋਂ ਬਸਤੀ ਬਰਕੀ ਤੱਕ | 1.35 | 1.35 | 47.87 | 5.60 | 53.47 | ਨਵੀ ਉਸਾਰੀ |
| 8 | ਜ਼ੀਰਾ | ਫਿਰਨੀ ਪਿੰਡ ਠੱਠਾ ਕਿਸ਼ਨ ਸਿੰਘ ਤੋਂ ਬਾਘਾ ਪੁਰਾਣਾ ਨੰਦ ਗੁਰਦੁਆਰਾ ਸਾਹਿਬ ਤੱਕ | 1.00 | 1.00 | 35.99 | 4.15 | 40.14 | ਨਵੀ ਉਸਾਰੀ |
| 9 | ਜ਼ੀਰਾ | ਮਲੇਵਾਲਾ ਮਾਛੀਆਂ ਜੋੜ ਸੜਕ ਤੋਂ ਨਹਿਰ ਮਸਤੇਵਾਲਾ ਬਿਜਲੀ ਘਰ ਅਤੇ ਢਾਣੀ ਤਾਰਾ ਸਿੰਘ ਤੱਕ | 2.00 | 2.00 | 69.93 | 8.30 | 78.23 | ਨਵੀ ਉਸਾਰੀ |
| 10 | ਜ਼ੀਰਾ | ਕਿੱਲੀ ਬੋਦਲਾ ਤੋਂ ਢਾਣੀ ਰਾਮ ਸਿੰਘ ਤੱਕ | 0.28 | 0.28 | 11.55 | 1.16 | 12.71 | ਨਵੀ ਉਸਾਰੀ |
| 11 | ਜ਼ੀਰਾ | ਪਿੰਡ ਜੱਗੇਵਾਲਾ ਦੀ | 0.28 | 0.28 | 11.55 | 1.16 | 12.71 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | ਫਿਰਨੀ | | | | | | |
| 12 | ਜ਼ੀਰਾ | ਫਤਹਿਗੜ੍ਹ ਸਬਰਾਹ–ਨਿਹਾਲ ਕੇ ਜੋੜ ਸੜਕ ਤੋਂ ਢਾਣੀ ਕਸ਼ਮੀਰ ਸਿੰਘ ਤੱਕ | 0.50 | 0.50 | 19.02 | 2.08 | 21.10 | ਨਵੀ ਉਸਾਰੀ |
| 13 | ਜ਼ੀਰਾ | ਪਿੰਡ ਮਨਸੂਰਵਾਲ ਤੋਂ ਰਟੋਲ ਰੋਹੀ ਢਾਣੀ ਸਤਨਾਮ ਸਿੰਘ ਤੱਕ | 0.70 | 0.70 | 25.81 | 2.91 | 28.72 | ਨਵੀ ਉਸਾਰੀ |
| 14 | ਜ਼ੀਰਾ | ਪਿੰਡ ਮਾਛੀਕੇ ਦੀ ਫਿਰਨੀ ਸ਼ਮਸ਼ਾਨਘਾਟ ਤੋਂ ਪਿੰਡ ਮਾਛੀਕੇ ਦੀ ਹੱਦ ਤੱਕ | 1.40 | 1.40 | 49.56 | 5.81 | 55.37 | ਨਵੀ ਉਸਾਰੀ |
| 15 | ਜ਼ੀਰਾ | ਮਲ੍ਹਵਾਲਾ ਜੋੜ ਸੜਕ ਤੋਂ ਸਤਨਾਮ ਸਿੰਘ ਦੇ ਘਰ ਪਿੰਡ ਕਮਾਲਵਾਲਾ ਤੋਂ ਫਤਹਿਗੜ੍ਹ ਸਬਰਾਹ–ਮੱਲਾਂਵਾਲਾ ਜੋੜ ਸੜਕ ਤੱਕ | 2.80 | 2.80 | 96.89 | 11.62 | 108.51 | ਨਵੀ ਉਸਾਰੀ |
| 16 | ਜ਼ੀਰਾ | ਬਹਿਕ ਫੱਤੂ (ਬਸਤੀ ਆਸਾ ਸਿੰਘ) ਤੋਂ ਸ਼ਮਸ਼ਾਨਘਾਟ ਤੱਕ | 1.00 | 1.00 | 35.99 | 4.15 | 40.14 | ਨਵੀ ਉਸਾਰੀ |
| 17 | ਜ਼ੀਰਾ | ਪਿੰਡ ਚਿਰਾਗਵਾਲੀ ਦੀ ਫਿਰਨੀ | 0.30 | 0.30 | 12.23 | 1.25 | 13.48 | ਨਵੀ ਉਸਾਰੀ |
| 18 | ਜ਼ੀਰਾ | ਟਿੱਬੀ ਟੈਬਾਂ ਤੋਂ ਟਿੱਬੀ ਰੰਗਾ ਤੱਕ | 0.50 | 0.50 | 19.02 | 2.08 | 21.10 | ਨਵੀ ਉਸਾਰੀ |
| 19 | ਜ਼ੀਰਾ | ਚਾਬ ਚੌਂਕ ਤੋਂ ਬਸਤੀ ਨੱਥੇਵਾਲਾ ਤੱਕ | 1.70 | 1.70 | 59.64 | 7.06 | 66.70 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | | **19.00** | **19.00** | **683.47** | **78.88** | **762.35** | |
| 20 | ਜ਼ੀਰਾ | ਪਿੰਡ ਕਿੱਲੀ ਨੌ ਆਬਾਦ ਦੀ ਫਿਰਨੀ ਤੋਂ ਜੋੜ ਸੜਕ | 0.60 | 0.60 | 24.63 | 2.49 | 27.12 | ਨਵੀ ਉਸਾਰੀ |
| 21 | ਜ਼ੀਰਾ | ਬੋਤੀਆਂਵਾਲਾ ਤੋਂ ਗੁਰਦੁਆਰਾ ਸਾਹਿਬ ਨਿਊ ਜ਼ੀਰਾ ਤੋਂ ਢਾਣੀ ਬਲਵਿੰਦਰ ਸਿੰਘ ਤੱਕ | 1.00 | 1.00 | 38.33 | 4.15 | 42.48 | ਨਵੀ ਉਸਾਰੀ |
| 22 | ਜ਼ੀਰਾ | ਮਾਹੀਆਂਵਾਲਾ ਤੋਂ ਰਟੋਲ ਰੋਹੀ ਤੱਕ ਜੋੜ ਸੜਕ | 1.20 | 1.20 | 45.18 | 4.98 | 50.16 | ਨਵੀ ਉਸਾਰੀ |
| 23 | ਜ਼ੀਰਾ | ਮਾਹੀਆਂਵਾਲਾ ਕਲਾਂ ਤੋਂ ਮਾਹੀਆਂਵਾਲਾ ਖੁਰਦ ਤੱਕ ਜੋੜ ਸੜਕ | 1.60 | 1.60 | 58.87 | 6.64 | 65.51 | ਨਵੀ ਉਸਾਰੀ |
| 24 | ਜ਼ੀਰਾ | ਤਲਵੰਡੀ ਜੱਲੇ ਖਾਨ ਤੋਂ ਮੋਗਾ–ਜ਼ੀਰਾ ਸੜਕ ਤੱਕ ਜੋੜ ਸੜਕ | 2.50 | 2.50 | 89.68 | 10.38 | 100.06 | ਨਵੀ ਉਸਾਰੀ |
| 25 | ਜ਼ੀਰਾ | ਛੱਤਰਾ ਤੋਂ ਸੁਨੇਰ ਤੱਕ ਜੋੜ ਸੜਕ | 2.90 | 2.90 | 105.15 | 12.04 | 117.19 | ਨਵੀ ਉਸਾਰੀ |
| 26 | ਜ਼ੀਰਾ | ਪੀਰ ਮੁਹੰਮਦ ਤੋਂ ਸ਼ੀਆਂ ਪਾੜੀ ਤੱਕ ਜੋੜ ਸੜਕ | 3.00 | 3.00 | 108.58 | 12.45 | 121.03 | ਨਵੀ ਉਸਾਰੀ |
| 27 | ਜ਼ੀਰਾ | ਵਾਰਾ ਵੜਿਆਮ ਸਿੰਘ ਤੋਂ ਗੁਰਦੁਆਰਾ ਸਾਹਿਬ ਤੱਕ ਜੋੜ ਸੜਕ | 0.55 | 0.55 | 22.92 | 2.28 | 25.20 | ਨਵੀ ਉਸਾਰੀ |
| 28 | ਜ਼ੀਰਾ | ਮਨਸੂਰਦੇਵਾ | 1.45 | 1.45 | 53.48 | 6.02 | 59.50 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | ਬਾਈਪਾਸ ਤੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਤੱਕ ਜੋੜ ਸੜਕ | | | | | | |
| 29 | ਜ਼ੀਰਾ | ਬੋਤੀਆਂਵਾਲਾ ਤੋਂ ਪਰਚੇਜ਼ ਸੈਂਟਰ ਫੇਰੋਕੇ ਤੱਕ ਜੋੜ ਸੜਕ | 1.95 | 1.95 | 70.60 | 8.09 | 78.69 | ਨਵੀ ਉਸਾਰੀ |
| 30 | ਜ਼ੀਰਾ | ਚੋਹਲਾ–ਮਸਤੇਵਾਲਾ ਸੜਕ ਤੋਂ ਸ਼ਾਹਵਾਲਾ–ਸ਼ਾਹ ਅਬੂ ਬੂਕਰ ਸੜਕ ਤੱਕ ਜੋੜ ਸੜਕ | 4.10 | 4.10 | 144.20 | 17.02 | 161.22 | ਨਵੀ ਉਸਾਰੀ |
| | | | **20.85** | **20.85** | **761.62** | **86.54** | **848.16** | |
| 31 | ਜ਼ੀਰਾ | ਮਹੀਆਂਵਾਲਾ ਕਲਾਂ ਦੀ ਫਿਰਨੀ ਤੋਂ ਸ਼ਮਸ਼ਾਨਘਾਟ ਤੱਕ | 0.40 | 0.40 | 15.41 | 1.66 | 17.07 | ਨਵੀ ਉਸਾਰੀ |
| 32 | ਜ਼ੀਰਾ | ਵਾੜਾ ਵੜਿਆਮ ਸਿੰਘ ਤੋਂ ਕਰਮੂਵਾਲਾ ਤੱਕ | 1.65 | 1.65 | 60.58 | 6.85 | 67.43 | ਨਵੀ ਉਸਾਰੀ |
| 33 | ਜ਼ੀਰਾ | ਕਮਾਲਗੜ੍ਹ ਤੋਂ ਕਟੋਰਾ–ਤਲਵੰਡੀ ਜੱਲੇ ਖਾਨ ਸੜਕ ਤੱਕ | 1.00 | 1.00 | 38.33 | 4.15 | 42.48 | ਨਵੀ ਉਸਾਰੀ |
| 34 | ਜ਼ੀਰਾ | ਪਿੰਡ ਛੰਡਾ ਬੱਗਾ ਦੀ ਫਿਰਨੀ | 1.30 | 1.30 | 48.60 | 5.40 | 54.00 | ਨਵੀ ਉਸਾਰੀ |
| 35 | ਜ਼ੀਰਾ | ਫੇਰੋਕੇ ਤੋਂ ਗਾਦੜੀਵਾਲਾ ਨਹਿਰ ਦੇ ਨਾਲ-ਨਾਲ | 1.50 | 1.50 | 55.45 | 6.23 | 61.68 | ਨਵੀ ਉਸਾਰੀ |
| 36 | ਜ਼ੀਰਾ | ਜ਼ੀਰਾ–ਫਿਰੋਜ਼ਪੁਰ ਸੜਕ ਤੋਂ ਮਾਰੂੜ ਤੱਕ | 1.55 | 1.55 | 57.16 | 6.43 | 63.59 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| 37 | ਜ਼ੀਰਾ | ਵਾੜਾ ਵੜਿਆਮ ਸਿੰਘ ਦੀ ਫਿਰਨੀ ਤੋਂ ਸ਼ਮਸ਼ਾਨਘਾਟ ਤੱਕ | 1.60 | 1.60 | 58.87 | 6.64 | 65.51 | ਨਵੀ ਉਸਾਰੀ |
| 38 | ਜ਼ੀਰਾ | ਵਿਰਕਾਂਵਾਲੀ ਤੋਂ ਕਰਮੂਵਾਲਾ ਸਬ-ਸਟੇਸ਼ਨ ਤੱਕ | 1.65 | 1.65 | 60.58 | 6.85 | 67.43 | ਨਵੀ ਉਸਾਰੀ |
| 39 | ਜ਼ੀਰਾ | ਮੋਗਾ–ਜ਼ੀਰਾ–ਸੁਖੇਵਾਲਾ ਸੜਕ ਤੋਂ ਬਿਜਲੀ ਘਰ ਤੱਕ | 1.65 | 1.65 | 60.58 | 6.85 | 67.43 | ਨਵੀ ਉਸਾਰੀ |
| 40 | ਜ਼ੀਰਾ | ਵਾੜਾ ਵੜਿਆਮ ਸਿੰਘ ਤੋਂ ਹੋਲਾਂਵਾਲੀ ਤੱਕ | 3.00 | 3.00 | 106.80 | 12.45 | 119.25 | ਨਵੀ ਉਸਾਰੀ |
| 41 | ਜ਼ੀਰਾ | ਵਾੜਾ ਪੋਹਵਿੰਡੀਆ ਤੋਂ ਜ਼ੀਰਾ–ਸ਼ਾਹ ਅਬੂ ਬਕਰ ਸੜਕ ਤੱਕ ਨਹਿਰ ਦੇ ਨਾਲ-ਨਾਲ | 3.90 | 3.90 | 137.37 | 16.19 | 153.56 | ਨਵੀ ਉਸਾਰੀ |
| | | | **19.20** | **19.20** | **699.71** | **79.70** | **779.41** | |
| 42 | ਜ਼ੀਰਾ | ਗੱਟਾ ਬਾਦਸ਼ਾਹ ਤੋਂ ਸ਼ਮਸ਼ਾਨਘਾਟ ਤੱਕ | 0.90 | 0.90 | 32.60 | 3.74 | 36.34 | ਨਵੀ ਉਸਾਰੀ |
| 43 | ਜ਼ੀਰਾ | ਮੱਖੂ–ਮੋਗਾ ਸੜਕ ਤੋਂ ਨਹਿਰ, ਵਾਰਿਸਵਾਲਾ ਜੱਟਾਂ ਸੜਕ ਤੋਂ ਸ਼ਮਸ਼ਾਨਘਾਟ ਤੱਕ | 1.20 | 1.20 | 42.78 | 4.98 | 47.76 | ਨਵੀ ਉਸਾਰੀ |
| 44 | ਜ਼ੀਰਾ | ਮਲੇਵਾਲਾ–ਚਾਬ ਜੋੜ ਸੜਕ ਤੋਂ ਨਹਿਰ, ਟਿੱਡਵਾਂ ਬੁੱਟਰ ਰੋਸ਼ਨ ਸ਼ਾਹ ਤੱਕ | 2.50 | 2.50 | 86.89 | 10.38 | 97.27 | ਨਵੀ ਉਸਾਰੀ |
| 45 | ਜ਼ੀਰਾ | ਲੋਹਕੇ ਕਲਾਂ–ਵਰਪਾਲ ਸੜਕ ਤੋਂ | 1.20 | 1.20 | 42.78 | 4.98 | 47.76 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | ਢਾਣੀ ਗੁਰਵਿੰਦਰ ਸਿੰਘ ਤੱਕ | | | | | | |
| 46 | ਜ਼ੀਰਾ | ਹਰੀਪੁਰ ਬਸਤੀ ਤੋਂ ਸ਼ਮਸ਼ਾਨਘਾਟ ਤੱਕ | 0.50 | 0.50 | 19.02 | 2.08 | 21.10 | ਨਵੀ ਉਸਾਰੀ |
| 47 | ਜ਼ੀਰਾ | ਸਿਰਹਾਲੀ–ਪਧਰੀ ਜੋੜ ਸੜਕ ਤੋਂ ਔਲਖ ਤੱਕ | 1.10 | 1.10 | 39.38 | 4.57 | 43.95 | ਨਵੀ ਉਸਾਰੀ |
| 48 | ਜ਼ੀਰਾ | ਮਨੂ ਮਾਛੀ ਤੋਂ ਗੱਟਾ ਦਲੇਲ ਤੱਕ | 4.35 | 4.35 | 149.67 | 18.05 | 167.72 | ਨਵੀ ਉਸਾਰੀ |
| 49 | ਜ਼ੀਰਾ | ਲੱਲੇ ਤੋਂ ਬੁਰਜ ਮੁਹੰਮਦ ਜੋੜ ਸੜਕ ਤੋਂ ਬਾਬਾ ਇਸ਼ਰ ਸਿੰਘ ਨਾਨਕ ਦਰਬਾਰ ਤੱਕ | 0.30 | 0.30 | 12.23 | 1.25 | 13.48 | ਨਵੀ ਉਸਾਰੀ |
| 50 | ਜ਼ੀਰਾ | ਬੁੱਟੇਵਾਲਾ ਤੋਂ ਘਵਿੰਦੀ ਮਲੂਵਾਲਾ ਸੜਕ ਤੱਕ | 1.40 | 1.40 | 49.56 | 5.81 | 55.37 | ਨਵੀ ਉਸਾਰੀ |
| 51 | ਜ਼ੀਰਾ | ਠੱਠਾ ਦਲੇਲ ਸਿੰਘ ਤੋਂ ਬਾਬਾ ਪੂਰਨ ਚੰਦ ਤੱਕ | 0.30 | 0.30 | 12.23 | 1.25 | 13.48 | ਨਵੀ ਉਸਾਰੀ |
| 52 | ਜ਼ੀਰਾ | ਮਸਤੇਵਾਲਾ ਤੋਂ ਕਿੱਲੀ ਨੌ ਆਬਾਦ ਤੱਕ | 0.80 | 0.80 | 29.20 | 3.32 | 32.52 | ਨਵੀ ਉਸਾਰੀ |
| 53 | ਜ਼ੀਰਾ | ਗੱਟਾ ਬਾਦਸ਼ਾਹ–ਸਬਰਾਹ ਸੜਕ ਤੋਂ ਨਹਿਰ, ਨਿਹਾਲ ਕੇ–ਫਤਹਿਗੜ੍ਹ ਸਬਰਾਹ ਸੜਕ ਤੱਕ | 1.80 | 1.80 | 63.14 | 7.47 | 70.61 | ਨਵੀ ਉਸਾਰੀ |
| 54 | ਜ਼ੀਰਾ | ਪਿੰਡ ਖਡੂਰ ਦੀ ਫਿਰਨੀ | 0.60 | 0.60 | 22.41 | 2.49 | 24.90 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| 55 | ਜ਼ੀਰਾ | ਮੱਖੂ–ਮੋਗਾ ਸੜਕ ਤੋਂ ਟਿੱਬੀ ਆਰੀਆਂ ਤੱਕ | 1.50 | 1.50 | 52.96 | 6.23 | 59.19 | ਨਵੀ ਉਸਾਰੀ |
| 56 | ਜ਼ੀਰਾ | ਮਲੇਸ਼ਾਹ ਤੋਂ ਹਰਦਾਸਾ (ਬਕਾਇਆ ਹਿੱਸਾ) | 1.40 | 1.40 | 52.03 | 5.81 | 57.84 | ਨਵੀ ਉਸਾਰੀ |
| 57 | ਜ਼ੀਰਾ | ਪਿੰਡ ਵਰਨਾਲਾ ਦੀ ਫਿਰਨੀ ਤੋਂ ਸ਼ਮਸ਼ਾਨਘਾਟ ਤੱਕ | 0.50 | 0.50 | 21.21 | 2.08 | 23.29 | ਨਵੀ ਉਸਾਰੀ |
| 58 | ਜ਼ੀਰਾ | ਵਰਨਾਲਾ–ਮਹਿਰ ਸਿੰਘ ਵਾਲਾ ਸੜਕ ਤੋਂ ਢਾਣੀ ਵਰਨਾਲਾ ਤੱਕ | 0.57 | 0.57 | 23.60 | 2.37 | 25.97 | ਨਵੀ ਉਸਾਰੀ |
| 59 | ਜ਼ੀਰਾ | ਜ਼ੀਰਾ–ਫਿਰੋਜ਼ਪੁਰ ਸੜਕ ਤੋਂ ਢਾਣੀ ਨਾਹਰ ਸਿੰਘ ਤੱਕ | 1.00 | 1.00 | 38.33 | 4.15 | 42.48 | ਨਵੀ ਉਸਾਰੀ |
| 60 | ਜ਼ੀਰਾ | ਪਿੰਡ ਪੰਡੋਰੀ ਖੱਤਰੀਆਂ ਦੀ ਫਿਰਨੀ ਤੋਂ ਢਾਣੀਆਂ ਤੱਕ | 0.55 | 0.55 | 22.92 | 2.28 | 25.20 | ਨਵੀ ਉਸਾਰੀ |
| 61 | ਜ਼ੀਰਾ | ਪਿੰਡ ਬੰਡਾਲਾ ਪੁਰਾਣਾ ਦੀ ਫਿਰਨੀ | 0.70 | 0.70 | 28.06 | 2.91 | 30.97 | ਨਵੀ ਉਸਾਰੀ |
| | | | **23.17** | **23.17** | **840.98** | **96.20** | **937.18** | |
| 62 | ਜ਼ੀਰਾ | ਪਿੰਡ ਮਲੂਵਾਲਾ ਬੰਡੀਆਂ ਦੀ ਫਿਰਨੀ ਤੋਂ ਜੋੜ ਸੜਕ | 0.25 | 0.25 | 12.65 | 1.04 | 12.74 | ਨਵੀ ਉਸਾਰੀ |
| 63 | ਜ਼ੀਰਾ | ਸੋਢੀਵਾਲਾ ਤੋਂ ਕੱਸੋਆਣਾ -ਮਲੇਸ਼ਾਹ ਤੱਕ ਜੋੜ ਸੜਕ | 4.00 | 4.00 | 146.72 | 16.60 | 148.13 | ਨਵੀ ਉਸਾਰੀ |
| 64 | ਜ਼ੀਰਾ | ਮਲੋਕੇ ਤੋਂ ਬਸਤੀ ਗਾਮੇਵਾਲਾ ਤੱਕ ਜੋੜ | 1.00 | 1.00 | 44.16 | 4.15 | 44.51 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | ਸੜਕ | | | | | | |
| 65 | ਜ਼ੀਰਾ | ਫਿਰਨੀ ਬੋਘੇਵਾਲਾ ਤੋਂ ਅਮਰਗੜ੍ਹ ਬੰਡੀਆਂ, ਮੁੰਡੀ ਜਮਾਲ ਸੜਕ ਤੱਕ ਜੋੜ ਸੜਕ | 1.89 | 1.89 | 68.65 | 7.82 | 69.29 | ਨਵੀ ਉਸਾਰੀ |
| 66 | ਜ਼ੀਰਾ | ਮੋਗਾ–ਛੱਤਰਾ ਸੜਕ ਤੋਂ ਸੁਨੇਰ ਲੋਂਗੋ ਦੇਵਾ ਚੌਂਕ ਤੱਕ ਜੋੜ ਸੜਕ | 2.90 | 2.90 | 103.12 | 12.04 | 104.15 | ਨਵੀ ਉਸਾਰੀ |
| 67 | ਜ਼ੀਰਾ | ਜੋਈਆਂਵਾਲਾ (ਹੱਡਾਂਵਾਲੀ) ਤੋਂ ਸੁਲਹਾਣੀ ਤੱਕ | 3.25 | 3.25 | 113.90 | 13.49 | 115.05 | ਨਵੀ ਉਸਾਰੀ |
| 68 | ਜ਼ੀਰਾ | ਸ਼ਾਹਵਾਲਾ ਤੋਂ ਆਵਾਂ, ਸੁਖੇਵਾਲਾ, ਮਨਸੂਰਵਾਲ ਢਾਣੀ ਇਕਤਾਰ ਸਿੰਘ ਤੱਕ | 4.80 | 4.80 | 169.37 | 19.92 | 171.06 | ਨਵੀ ਉਸਾਰੀ |
| | | | **18.09** | **18.09** | **658.57** | **75.06** | **664.93** | |
| 69 | ਜ਼ੀਰਾ | ਮਰਖਾਈ ਤੋਂ ਭਾਗੋਕੇ, ਛੀਤਾ ਗੁਰਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ ਤੱਕ | 3.50 | 3.50 | 124.98 | 14.53 | 126.22 | ਨਵੀ ਉਸਾਰੀ |
| 70 | ਜ਼ੀਰਾ | ਜ਼ੀਰਾ–ਕੋਟ ਈਸੇ ਖਾਨ ਸੜਕ ਤੋਂ ਜ਼ੀਰਾ–ਆਵਾਨ ਸੜਕ ਤੱਕ | 1.10 | 1.10 | 41.25 | 4.57 | 41.64 | ਨਵੀ ਉਸਾਰੀ |
| 71 | ਜ਼ੀਰਾ | ਮਨਸੂਰਵਾਲ ਕਲਾਂ ਤੋਂ ਢਾਣੀ ਨੱਥਾ ਸਿੰਘ ਤੱਕ | 0.95 | 0.95 | 35.52 | 3.94 | 35.85 | ਨਵੀ ਉਸਾਰੀ |
| 72 | ਜ਼ੀਰਾ | ਠੱਠਾ ਨੌਰੰਗ ਸਿੰਘ | 0.26 | 0.26 | 12.78 | 1.08 | 12.87 | ਨਵੀ ਉਸਾਰੀ |

| | | | | | | | | |
|---|---|---|---|---|---|---|---|---|
| | | ਸੜਕ ਤੋਂ ਢਾਣੀ ਸੁਲਖਣ ਸਿੰਘ ਤੱਕ | | | | | | |
| 73 | ਜ਼ੀਰਾ | ਪਿੰਡ ਬਸਤੀ ਭੋਈਆਂਵਾਲੀ ਦੀ ਫਿਰਨੀ | 1.90 | 1.90 | 68.43 | 7.89 | 69.1 | ਨਵੀ ਉਸਾਰੀ |
| 74 | ਜ਼ੀਰਾ | ਫਤਹਿਗੜ੍ਹ ਸਬਰਾਹ–ਅਰਾਜ਼ੀ ਸਬਰਾਹ ਜੋੜ ਸੜਕ ਤੋਂ ਸ਼ਮਸ਼ਾਨਘਾਟ ਤੱਕ | 1.40 | 1.40 | 51.46 | 5.81 | 51.95 | ਨਵੀ ਉਸਾਰੀ |
| 75 | ਜ਼ੀਰਾ | ਲੱਲੇ ਤੋਂ ਗੁਰਾਲੀ ਤੱਕ | 1.30 | 1.30 | 47.01 | 5.40 | 47.47 | ਨਵੀ ਉਸਾਰੀ |
| 76 | ਜ਼ੀਰਾ | ਪੱਧਰੀ ਤੋਂ ਕਿੱਲੀ ਗੁੱਦਾ ਜੋੜ ਸੜਕ ਤੋਂ ਨਿਹਾਲ ਕੇ–ਫਤਹਿਗੜ੍ਹ ਸਬਰਾਹ ਤੱਕ | 1.30 | 1.30 | 48.20 | 5.40 | 48.66 | ਨਵੀ ਉਸਾਰੀ |
| 77 | ਜ਼ੀਰਾ | ਸਰਹਾਲੀ ਤੋਂ ਨਿਹਾਲ ਕੇ ਤੱਕ | 2.00 | 2.00 | 71.96 | 8.30 | 72.66 | ਨਵੀ ਉਸਾਰੀ |
| 78 | ਜ਼ੀਰਾ | ਲਹਿਰਾ ਰੋਹੀ ਤੋਂ ਵਰਨਾਲਾ ਤੱਕ ਜੋੜ ਸੜਕ | 6.33 | 6.33 | 154.42 | 26.27 | 156.65 | ਨਵੀ ਉਸਾਰੀ |
| 79 | ਜ਼ੀਰਾ | ਜ਼ੀਰਾ–ਤਲਵੰਡੀ ਸੜਕ (ਗੇਟ) ਤੋਂ ਲਹਿਰਾ ਰੋਹੀ ਤੱਕ | 1.06 | 1.06 | 23.32 | 4.40 | 23.69 | ਨਵੀ ਉਸਾਰੀ |
| | | | **21.10** | **21.10** | **679.30** | **87.59** | **686.76** | |
| | | | **121.41** | **121.41** | **4323.65** | **503.97** | **4678.78** | |
| | | | | | **43.24** | **5.04** | **46.79** | |
| | | | | | **ਕਰੋੜ** | **ਕਰੋੜ** | **ਕਰੋੜ** | |
| | | | | | | ਕਾਰਜਕਾਰੀ ਇੰਜੀਨੀਅਰ | | |

| | | | | | | |
|---|---|---|---|---|---|---|
| | | | | | | ਪੰਜਾਬ ਮੰਡੀ ਬੋਰਡ, |
| | | | | | | ਫਿਰੋਜਪੁਰ |

| ਪੰਜਾਬ ਲੋਕ ਨਿਰਮਾਣ ਵਿਭਾਗ | | | | | | |
|---|---|---|---|---|---|---|
| ਲੜੀ ਨੰ. | ਮਾਰਕਿਟ ਕਮੇਟੀ ਦਾ ਨਾਮ | ਅਸੈਬਲੀ ਹਲਕਾ | ਸੜਕ ਦਾ ਨਾਮ | ਲੀਨੀਅਰ ਲੰਬਾਈ | ਕਨਵਰਟਡ ਲੰਬਾਈ | ਲਾਗਤ (ਲੱਖਾਂ ਵਿੱਚ) |
| 1 | ਮੱਲਾਂਵਾਲ | ਜ਼ੀਰਾ | ਕੋਹਾਲਾ ਮੱਲਾਂਵਾਲਾ ਤੋਂ ਢਾਣੀ ਬਾਜ ਸਿੰਘ ਤੱਕ ਲਿੰਕ ਸੜਕ ਦੀ ਉਸਾਰੀ ਕਰਨਾ। | 0.91 | 0.91 | 33.74 |
| 2 | ਮੱਲਾਂਵਾਲ | ਜ਼ੀਰਾ | ਬੂਟੇ ਵਾਲਾ ਤੋਂ ਵਲਾਇਤੀ ਸ਼ਾਹ ਵਾਲਾ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 2.00 | 2.00 | 82.98 |
| 3 | ਮੱਲਾਂਵਾਲ | ਜ਼ੀਰਾ | ਪਿੰਡ ਗੋਗੋਆਣੀ ਨਵਾਂ ਗੁਰਦੁਆਰਾ ਸਾਹਿਬ ਤੋਂ ਜ਼ੀਰਾ ਰੋਡ ਵਾਇਆ ਡੇਰਾ ਬਾਬਾ ਹੁਕਮ ਲਾਲ ਜੀ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 1.71 | 1.71 | 64.83 |
| 4 | ਮੱਲਾਂਵਾਲ | ਜ਼ੀਰਾ | ਪਿੰਡ ਜੌੜਾ ਸਟੇਡੀਅਮ ਤੋਂ ਕੀਮੇਵਾਲਾ ਜੌੜਾ ਰੋਡ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 1.50 | 1.50 | 55.71 |
| 5 | ਮੱਲਾਂਵਾਲ | ਜ਼ੀਰਾ | ਮਾਨੋਚਾਹਲ ਤੋਂ ਲੋਹੇਕੇ ਖੁਰਦ ਅਤੇ ਆਸਫ ਵਾਲਾ ਡਰੇਨ ਬਰਿੱਜ ਤੋਂ ਬਸਤੀ ਦਲੀਪ ਸਿੰਘ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 3.10 | 3.10 | 110.09 |
| 6 | ਮੱਲਾਂਵਾਲ | ਜ਼ੀਰਾ | ਪਿੰਡ ਵਲਟੋਹਾ ਤੋਂ ਬਸਤੀ ਖੁਸ਼ਹਾਲ ਸਿੰਘ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 2.50 | 2.50 | 95.48 |
| 7 | ਮੱਲਾਂਵਾਲ | ਜ਼ੀਰਾ | ਪਿੰਡ ਮਾਛੀਕੇ ਕਾਮਲ ਵਾਲਾ ਸੜਕ ਤੋਂ ਆਛੀਕੇ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 2.05 | 2.05 | 76.54 |
| 8 | ਮੱਲਾਂਵਾਲ | ਜ਼ੀਰਾ | ਮਰੂੜ ਤੋਂ ਮਨਕਿਆ ਵਾਲੀ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 2.50 | 2.50 | 107.47 |
| 9 | ਮੱਲਾਂਵਾਲ | ਜ਼ੀਰਾ | ਛੂਸਕ ਤੋਂ ਮਹੀਆਂ ਸਿੰਘ ਵਾਲਾ ਤੱਕ ਨਵੀਂ ਲਿੰਕ | 3.00 | 3.00 | 108.76 |

| | | | | | | |
|---|---|---|---|---|---|---|
| | | | ਸੜਕ ਦੀ ਉਸਾਰੀ ਕਰਨਾ। | | | |
| 10 | ਮੱਲਾਂਵਾਲ | ਜ਼ੀਰਾ | ਵਲਟੋਹਾ ਤੋਂ ਮਹੀਆਂ ਸਿੰਘ ਵਾਲਾ ਤੱਕ ਨਵੀਂ ਲਿੰਕ ਸੜਕ ਦੀ ਉਸਾਰੀ ਕਰਨਾ। | 1.50 | 1.50 | 54.34 |
| | | | **Grand Total** | **20.77** | **20.77** | **789.94** |

**ਸ਼੍ਰੀ ਨਰੇਸ਼ ਕਟਾਰੀਆ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਇਸ ਦਾ ਸਮਾਂ ਨਿਰਧਾਰਤ ਕਰਕੇ ਦੱਸਿਆ ਜਾਵੇ ਕਿਉਂਕਿ ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ, ਹੁਣ ਸਮਾਂ ਥੋੜ੍ਹਾ ਰਹਿ ਗਿਆ ਹੈ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼ਾਇਦ ਪੰਜਾਬ ਵਿੱਚੋਂ ਸਭ ਤੋਂ ਜ਼ਿਆਦਾ ਲੰਬਾਈ ਤੇ ਚੌੜਾਈ ਵਾਲੀਆਂ ਮੇਰੇ ਹਲਕੇ ਦੀਆਂ ਸੜਕਾਂ ਹਨ । ਇਸ ਕਰਕੇ ਕਿਰਪਾ ਕਰਕੇ ਹੁਣ ਛੇਤੀ ਤੋਂ ਛੇਤੀ ਇਹ ਕੰਮ ਕੀਤਾ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਤੁਸੀਂ ਛੇਤੀ ਤੋਂ ਛੇਤੀ ਇਹ ਕੰਮ ਕਰੋਗੇ?

**1005/harpreet singh**

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਥੋੜ੍ਹੇ ਦਿਨ ਬਾਰਸ਼ਾਂ ਕਰਕੇ ਸੜਕਾਂ ਦਾ ਕੰਮ ਰੁਕਿਆ ਹੋਇਆ ਹੈ। ਇਹ ਅਕਤਬੂਰ ਨਵੰਬਰ ਤੱਕ ਕੰਮ ਮੁਕੰਮਲ ਕਰਵਾ ਦਿਆਂਗੇ। ਮੈਂ ਇਸ ਗੱਲ ਦਾ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1987**

**ਮਾਣਯੋਗ ਸਪੀਕਰ**: ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** (ਬਿਨਾ ਮਾਈਕ ਤੋਂ)**:** ਸਪੀਕਰ ਸਾਹਿਬ, ਬੇਸ਼ੱਕ ਜਵਾਬ ਨਹੀਂ ਆਇਆ ਪਰ ਮੰਤਰੀ ਜੀ ਇੱਥੇ ਬੈਠੇ ਹਨ, ਉਨ੍ਹਾਂ ਤੋਂ ਜਵਾਬ ਤਾਂ ਦਿਵਾ ਦਿਓ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਆਪਣੇ ਹਲਕੇ ਦੇ ਸਾਰੇ ਸਕੂਲਾਂ ਦੇ ਕੁੱਲ ਟੀਚਰਾਂ ਦੀ ਡਿਟੇਲ ਮੰਗੀ ਹੈ ਅਤੇ ਜਿੰਨੇ ਟੀਚਰ ਸਾਡੇ ਟਰਾਂਸਫਰ ਪੋਰਟਲ ਵਿਚ ਜੋ ਬਦਲੀ ਹੋਏ ਹਨ, ਉਸ ਲਈ ਸਾਨੂੰ ਸਮਾਂ ਚਾਹੀਦਾ ਹੈ ਕਿਉਂਕਿ ਬਹੁਤ ਸਾਰਾ ਡਾਟਾ ਹੈ ਅਤੇ ਉਹ ਕਾਰਵਾਈ ਅਧੀਨ ਹੈ। 100 ਤੋਂ ਵੱਧ ਟੀਚਰ ਟਰਾਂਸਫਰ ਕੀਤੇ ਗਏ ਹਨ ਅਤੇ 100 ਤੋਂ ਵੱਧ ਦੀ ਹਾਲੇ ਟਰਾਂਸਫਰ ਹੋਣੀ ਹੈ। ਸੋ, ਕਿਸੇ ਦੀ ਹਾਲੇ ਰਿਲੀਵਿੰਗ ਨਹੀਂ ਹੋਈ, ਕਿਸੇ ਨੇ ਜੁਆਇਨ ਨਹੀਂ ਕੀਤਾ। ਇਸ ਲਈ ਸਾਨੂੰ ਜਵਾਬ ਤਿਆਰ ਕਰਨ ਦਾ ਸਮਾਂ ਚਾਹੀਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। Allowed.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਕੋਈ ਸਪਲੀਮੈਂਟਰੀ ਨਹੀਂ ਜੀ, ਹੁਣ ਹੋ ਗਿਆ। ਐਮ.ਐਲ.ਏ. ਸਾਹਿਬ, ਤੁਸੀਂ ਬੈਠੋ, ਪਲੀਜ਼।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਨਾਲ ਬਹਿਸ ਰਹੇ ਸਨ।)

-------

**ਜਲਾਲਾਬਾਦ ਵਿਖੇ ਮਹਿਲਾ ਹਾਟ ਸਥਾਪਤ ਕਰਨਾ**

***1921. ਸ਼੍ਰੀ ਜਗਦੀਪ ਕੰਬੋਜ ਗੋਲਡੀ**: ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਵਿੱਚ PUDA ਵੱਲੋਂ ਮਹਿਲਾ ਹਾਟ ਸਥਾਪਤ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ਼੍ਰੀਮਾਨ ਜੀ, ਜਲਾਲਾਬਾਦ ਵਿਖੇ ਮਹਿਲਾ ਹਾਟ ਬਣਾਉਣ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵਲੋਂ ਤਜਵੀਜ਼ ਪ੍ਰਾਪਤ ਹੋਈ ਹੈ, ਜੋ ਕਿ ਇਸ ਵਿਭਾਗ ਦੇ ਵਿਚਾਰ ਅਧੀਨ ਹੈ।

ਸਪੀਕਰ ਸਾਹਿਬ, ਮੇਰੇ ਛੋਟੇ ਵੀਰ ਨੇ ਪੰਜਾਬ ਵਿਚ ਪਹਿਲੀ ਵਾਰ ਜਲਾਲਾਬਾਦ ਵਿਚ ਜੋ ਮਹਿਲਾ ਹੱਟ ਦੀ ਮੰਗ ਕੀਤੀ ਹੈ, ਉਹ ਬਹੁਤ ਵਧੀਆ ਹੈ। ਇਸ ਵਿਚ ਮਹਿਲਾਵਾਂ ਵਾਸਤੇ 46 ਸ਼ੋਅਰੂਮ ਬਣਨੇ ਹਨ। ਅਸੀਂ ਇਹ ਜ਼ਰੂਰ ਬਣਾ ਕੇ ਦਿਆਂਗੇ। ਮੈਂ ਆਪਣੇ ਛੋਟੇ ਵੀਰ ਨਾਲ ਇਹ ਵਾਅਦਾ ਕਰਦਾ ਹਾਂ।

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, ਧੰਨਵਾਦ। ਇਹ ਸ਼ਾਇਦ ਪੰਜਾਬ ਦਾ ਪਹਿਲਾ ਪ੍ਰਾਜੈਕਟ ਹੈ, ਜੋ ਮਹਿਲਾਵਾਂ ਵਾਸਤੇ ਬਣੇਗਾ ਅਤੇ ਇਸ ਵਿਚ ਮਹਿਲਾਵਾਂ ਲਈ 46 ਸ਼ੋਅਰੂਮ ਬਣਨਗੇ। ਚਾਹੇ ਉਹ ਬੁਟੀਕ ਖੋਲਣ ਜਾਂ ਕੋਈ ਹੋਰ ਕੰਮ ਕਰਨ। ਮੰਤਰੀ ਸਾਹਿਬ ਦਾ ਬਹੁਤ ਧੰਨਵਾਦ। ਇਹ ਪ੍ਰਾਜੈਕਟ ਮੇਰੀ ਪਤਨੀ ਨੇ ਬਣਾਇਆ ਹੈ। ਸੋ, ਅੱਜ ਜ਼ਿਆਦਾ ਖੁਸ਼ੀ ਹੈ। ਸੋ, ਮੰਤਰੀ ਸਾਹਿਬ ਦਾ ਡਬਲ ਧੰਨਵਾਦ ਅਤੇ ਉਨ੍ਹਾਂ ਸਾਰੇ ਭਰਾਵਾਂ ਦਾ ਧੰਨਵਾਦ, ਜਿਨ੍ਹਾਂ ਨੇ ਇਸ ਪ੍ਰਾਜੈਕਟ ਲਈ ਕੰਮ ਕੀਤਾ ਹੈ। ਮੇਰੀ ਇਹੀ ਬੇਨਤੀ ਹੈ ਕਿ ਇਹ ਪ੍ਰਾਜੈਕਟ ਜਲਦੀ ਮੁਕੰਮਲ ਕਰ ਦਿਓ।

**ਮੰਤਰੀ**: ਸਪੀਕਰ ਸਾਹਿਬ, ਮੈਂ ਆਪਣੇ ਭਰਾ ਦੇ ਨਾਲ ਨਾਲ ਆਪਣੀ ਭੈਣ ਦਾ ਵੀ ਧੰਨਵਾਦ ਕਰਦਾ ਹਾਂ ਜਿਵੇਂ ਇਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਦੀ ਪਤਨੀ ਨੇ ਇਹ ਪ੍ਰਾਜੈਕਟ ਬਣਾਇਆ ਹੈ। ਉਨ੍ਹਾਂ ਦੀ ਮਿਹਨਤ ਸਦਕਾ ਇਨ੍ਹਾਂ ਨੇ ਅੱਜ ਇਹ ਸਵਾਲ ਲਗਾਇਆ ਹੈ। ਸੋ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ।

-------

## ਨਕੋਦਰ ਬੱਸ ਸਟੈਂਡ ਨੂੰ ਨਵਾਂ ਬਣਾਉਣਾ

***1974. ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਕੋਦਰ ਬੱਸ ਸਟੈਂਡ ਦੀ ਹਾਲਤ ਬਹੁਤ ਖਰਾਬ ਹੈ ਅਤੇ ਪੀ.ਡਬਲਿਊ.ਡੀ ਵੱਲੋਂ ਇਸ ਬਿਲਡਿੰਗ ਨੂੰ ਕਾਫੀ ਸਮਾਂ ਪਹਿਲਾਂ ਅਨਸੇਫ ਘੋਸ਼ਿਤ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਕੀ ਨਕੋਦਰ ਬੱਸ ਸਟੈਂਡ ਨੰ ਨਵਾਂ ਬਣਾਉਣ ਦੀ ਜਾਂ ਇਸ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** ਨਕੋਦਰ ਬੱਸ ਸਟੈਂਡ ਦੇ ਨਿਰਮਾਣ ਲਈ ਤਖਮੀਨਾ ਤਿਆਰ ਕੀਤਾ ਗਿਆ ਹੈ। ਟਰਾਂਸਪੋਰਟ ਵਿਭਾਗ ਵੱਲੋਂ ਬੱਸ ਸਟੈਂਡ ਦੇ ਨਿਰਮਾਣ ਲਈ ਪ੍ਰਸ਼ਾਸਕੀ ਮਨਜ਼ੂਰੀ ਜਾਰੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਨੇ ਸੂਚਿਤ ਕੀਤਾ ਹੈ ਕਿ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਦੇ ਕੇਵਲ 27 ਬੱਸ ਸਟੈਂਡਾਂ ਲਈ ਹੀ ਬਜਟ ਦੀ ਵਿਵਸਥਾ ਕੀਤੀ ਗਈ ਹੈ। ਨਕੋਦਰ ਬੱਸ ਸਟੈਂਡ ਇਨ੍ਹਾਂ 27 ਬੱਸ ਸਟੈਂਡਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਹੈ। ਭਵਿੱਖ ਵਿੱਚ ਟਰਾਂਸਪੋਰਟ ਵਿਭਾਗ ਵੱਲੋਂ ਫੰਡ ਪ੍ਰਾਪਤ ਹੋਣ ਤੇ ਇਹ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਸਪੀਕਰ ਸਾਹਿਬ, ਮੰਤਰੀ ਜੀ ਦੇ ਜਵਾਬ ਤੋਂ ਮੇਰੀ ਤਸੱਲੀ ਨਹੀਂ ਹੋਈ ਕਿਉਂਕਿ ਜਿਹੜੇ 27 ਬੱਸ ਸਟੈਂਡ ਬਣ ਰਹੇ ਹਨ, ਉਨ੍ਹਾਂ ਵਿਚ ਨਕੋਦਰ ਦਾ ਨਾਂਅ ਸ਼ਾਮਲ ਨਹੀਂ ਹੈ। ਮੈਂ ਇਸੇ ਕਰਕੇ ਐਨੀ ਮਿਹਨਤ ਨਾਲ ਫਾਈਲ ਅੱਗੇ ਭੇਜ ਕੇ ਮੰਤਰੀ ਸਾਹਿਬ ਦੇ ਦਫ਼ਤਰ ਵਿਚ ਪਾਰਸ਼ਲੀ ਪੇਮੈਂਟ ਵਾਸਤੇ ਪਹੁੰਚਾ ਦਿੱਤੀ ਹੈ। ਪਾਰਸ਼ਲੀ ਪੇਅਮੈਂਟ ਲਈ ਸਾਨੂੰ ਜਿਹੜੇ 33 ਫੀਸਦੀ ਫੰਡ ਜਾਰੀ ਕੀਤੇ ਜਾਣੇ ਹਨ, ਉਸ ਲਈ ਮੈਂ ਵਿੱਤ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗੀ ਕਿ ਸਾਨੂੰ ਨਕੋਦਰ ਬੱਸ ਸਟੈਂਡ ਲਈ ਇਹ ਪੈਸੇ ਦਿੱਤੇ ਜਾਣ ਕਿਉਂਕਿ ਮੈਂ ਕਿਸੇ ਕੈਜ਼ੁਐਲਟੀ ਦਾ ਇੰਤਜ਼ਾਰ ਨਹੀਂ ਕਰ ਸਕਦੀ। ਇਸੇ ਕਰਕੇ ਮੈਂ ਇਸ ਪ੍ਰਾਜੈਕਟ ਦੇ ਮਗਰ ਪਈ ਹਾਂ। ਮਾਣਯੋਗ ਵਿੱਤ ਮੰਤਰੀ ਜੀ ਕ੍ਰਿਪਾ ਕਰਕੇ ਕੀ ਤੁਸੀਂ ਸਾਨੂੰ 33 ਫੀਸਦੀ ਫੰਡ ਜਾਰੀ ਕਰ ਦਿਓਗੇ?

**ਮਾਣਯੋਗ ਸਪੀਕਰ**: ਬੀਬਾ ਜੀ, ਇਸ ਤਰ੍ਹਾਂ ਨਹੀਂ ਹੁੰਦਾ।

**ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬਾ ਨੇ ਨਕੋਦਰ ਬੱਸ ਸਟੈਂਡ ਬਾਰੇ ਪੁੱਛਿਆ ਹੈ। ਇਸ ਦਾ ਸਾਰਾ ਐਸਟੀਮੇਟ ਤਿਆਰ ਹੋ ਚੁੱਕਿਆ ਹੈ। ਇਸ ਤੇ 9 ਕਰੋੜ 65 ਲੱਖ ਦਾ ਖਰਚਾ ਆਉਣਾ ਹੈ। ਇਸ ਦਾ ਡਿਜ਼ਾਇਨ ਤਿਆਰ ਹੈ।

ਟਰਾਂਸਪੋਰਟ ਵਿਭਾਗ ਵੱਲੋਂ ਵੀ ਡਬਲ ਏ ਦੀ ਪ੍ਰਵਾਨਗੀ ਜਾਰੀ ਹੋ ਗਈ ਹੈ। ਹੁਣ ਟਰਾਂਸਪੋਰਟ ਮਹਿਕਮਾ ਵੀ ਸਾਡੇ ਖਜ਼ਾਨਾ ਮੰਤਰੀ ਜੀ ਕੋਲ ਹੈ। ਸੋ, ਮੈਂ ਵੀ ਪੁਰਜ਼ੋਰ ਸਿਫ਼ਾਰਸ਼ ਕਰਦਾ ਹਾਂ ਕਿ ਮੈਂਬਰ ਸਾਹਿਬ ਦੇ ਬੱਸ ਸਟੈਂਡ ਲਈ ਕੁੱਝ ਪੈਸੇ ਜਾਰੀ ਕਰ ਦਿੱਤੇ ਜਾਣ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਅਗਲਾ ਸਵਾਲ।

-------

**1010/amandeep kaur**

## ਪਿੰਡ ਬੜਾ ਫੂਲ ਦੀ 800 ਏਕੜ ਜ਼ਮੀਨ ਦੇ ਘਪਲੇ ਦੀ ਤਾਜ਼ਾ ਸਥਿਤੀ

*** 1991. ਸ੍ਰੀ ਦਿਨੇਸ਼ ਕੁਮਾਰ ਚੱਢਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਹੀ ਹੈ ਕਿ ਪਿੰਡ ਬੜਾ ਫੂਲ ਜ਼ਿਲ੍ਹਾ ਰੋਪੜ ਦੀ ਕਰੀਬ 800 ਏਕੜ ਪੰਚਾਇਤੀ ਜ਼ਮੀਨ ਧੋਖਾਧੜੀ ਨਾਲ ਅਤੇ ਅਫਸਰਾਂ ਦੀ ਮਿਲੀਭੁਗਤ ਨਾਲ ਰਸੂਖਦਾਰ ਮਾਫੀਏ ਨੇ ਆਪਣੀ ਮਲਕੀਅਤ ਬਣਾ ਲਈ ਹੈ ? ਜੇਕਰ ਹਾਂ ਤਾਂ ਉਸਨੂੰ ਵਾਪਿਸ ਲੈਣ ਅਤੇ ਬਣਦੀ ਕਾਰਵਾਈ ਕਰਨ ਲਈ ਜੋ ਗਰਾਮ ਪੰਚਾਇਤ ਵੱਲੋਂ ਮਤਾ ਪਾਇਆ ਗਿਆ ਹੈ, ਉਸਦੀ ਕਾਰਵਾਈ ਦਾ ਕੀ ਸਟੇਟਸ ਹੈ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ, ਗਰਾਮ ਪੰਚਾਇਤ ਬੜਾ ਫੂਲ ਬਲਾਕ ਤੇ ਜ਼ਿਲ੍ਹਾ ਰੂਪਨਗਰ ਦੀ ਨਕਲ ਫਰਦ ਜਮਾਂਬੰਦੀ ਸਾਲ 1965-66 ਅਨੁਸਾਰ 717 ਏਕੜ 3 ਕਨਾਲ 10 ਮਰਲੇ ਜ਼ਮੀਨ ਕੇਸ ਨੰ:30 ਵੀ.ਸੀ.ਐਲ ਰਜੂਆ ਮਿਤੀ 21.8.1996 ਸ੍ਰੀ ਜਸਵੰਤ ਸਿੰਘ ਕੁਲੈਕਟਰ ਪੰਚਾਇਤ ਲੈਂਡ-ਕਮ-ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਕੁਲੈਕਟਰ (ਪੰਚਾਇਤ ਲੈਂਡ) ਰੂਪਨਗਰ ਅਦਾਲਤ ਵੱਲੋਂ ਮਿਤੀ 14.5.1997 ਨੂੰ ਹੋਏ ਫੈਸਲੇ ਮੁਤਾਬਿਕ ਗਰਾਮ ਪੰਚਾਇਤ ਬੜਾ ਫੂਲ ਦੀ ਜ਼ਮੀਨ ਪ੍ਰਾਈਵੇਟ ਵਿਅਕਤੀਆਂ ਦੇ ਹੱਕ ਵਿੱਚ ਕਰ ਦਿੱਤੀ ਗਈ ਸੀ। ਇਸ ਉਪਰੰਤ :-

1. ਪੰਚਾਇਤ ਵੱਲੋਂ ਕਮਿਸ਼ਨਰ ਦੀ ਅਦਾਲਤ ਵਿੱਚ ਪਾਈ ਗਈ ਅਪੀਲ ਅਦਾਲਤ ਵੱਲੋਂ ਰੱਦ ਕੀਤੀ ਗਈ।
2. ਪੰਚਾਇਤ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਪਾਈ ਗਈ ਸਿਵਲ ਰਿੱਟ ਪਟੀਸ਼ਨ ਅਦਾਲਤ ਵੱਲੋਂ ਰੱਦ ਕੀਤੀ ਗਈ।
3. ਪੰਚਾਇਤ ਵੱਲੋਂ ਸੁਪਰੀਮ ਕੋਰਟ ਵਿਖੇ ਪਾਈ ਗਈ ਐਸ.ਐਲ.ਪੀ ਅਦਾਲਤ ਵੱਲੋਂ ਰੱਦ ਕੀਤੀ ਗਈ।
4. ਪੰਚਾਇਤ ਵੱਲੋਂ ਸੁਪਰੀਮ ਕੋਰਟ ਵਿਖੇ ਪਾਈ ਗਈ ਰੀਵਿਊ ਪਟੀਸ਼ਨ ਅਦਾਲਤ ਵੱਲੋਂ ਰੱਦ ਕੀਤੀ ਗਈ।
5. ਪੰਚਾਇਤ ਵੱਲੋਂ ਸੁਪਰੀਮ ਕੋਰਟ ਵਿਖੇ ਪਾਈ ਗਈ ਕੁਰੇਟਿਵ ਪਟੀਸ਼ਨ ਅਦਾਲਤ ਵੱਲੋਂ ਰੱਦ ਕੀਤੀ ਗਈ।

ਇਸ ਉਪਰੰਤ ਗਰਾਮ ਪੰਚਾਇਤ ਬੜਾ ਫੂਲ ਬਲਾਕ ਤੇ ਜ਼ਿਲ੍ਹਾ ਰੂਪਨਗਰ ਵੱਲੋਂ ਮਿਤੀ 3.7.2025 ਨੂੰ ਮਤਾ ਪਾਸ ਕਰਕੇ 717 ਏਕੜ 3 ਕਨਾਲ 10 ਮਰਲੇ ਜ਼ਮੀਨ ਦਾ ਕੇਸ ਨੰ: ਵੀ.ਸੀ.ਐਲ 859 ਰਜੂਆ ਮਿਤੀ 31.10.2025 ਕੁਲੈਕਟਰ ਪੰਚਾਇਤ ਲੈਂਡ (ਅੰਡਰ ਸੈਕਸ਼ਨ-11) ਰੂਪਨਗਰ ਦੀ ਅਦਾਲਤ ਵਿੱਚ ਮਾਲਕੀ ਸਬੰਧੀ ਸ਼੍ਰੀ ਕਰਨ ਸਿੰਘ ਪੁੱਤਰ ਸ਼੍ਰੀ ਜਗਦੀਸ਼ ਕੁਮਾਰ ਅਤੇ ਹੋਰ ਵਿਰੁੱਧ ਦਾਇਰ ਕੀਤਾ ਗਿਆ ਹੈ। ਇਹ ਕੇਸ ਮਿਤੀ 14.8.2026 ਨੂੰ ਉੱਤਰਵਾਦੀਆਂ ਦੇ ਜਵਾਬ ਦਾਅਵੇ ਲਈ ਨਿਸ਼ਚਿਤ ਹੈ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ**: ਮਾਣਯੋਗ ਸਪੀਕਰ ਸਾਹਿਬ, ਪੰਚਾਇਤ ਪਿੰਡ ਬੜਾ ਫੂਲ ਦੀ 800 ਏਕੜ ਜ਼ਮੀਨ ਜਿਹੜੀ ਕਿ ਆਈ.ਆਈ.ਟੀ ਰੋਡ ਤੇ ਬੇਸ਼ਕੀਮਤੀ ਜ਼ਮੀਨ ਹੈ ਜਿਸ ਦੀ ਕੀਮਤ ਘੱਟ ਤੋਂ ਘੱਟ 1500 ਕਰੋੜ ਰੁਪਏ ਹੈ ਤੇ ਇਸ ਦੇ ਮਾਲਕ ਵੱਡੇ ਲੋਕ ਬਣ ਜਾਂਦੇ ਹਨ। ਮੇਰਾ ਸਵਾਲ ਇਹ ਹੈ ਕਿ ਅਚਾਨਕ ਗ੍ਰਾਮ ਪੰਚਾਇਤ ਦੀ ਮਾਲਕੀ ਦੀ ਜਗ੍ਹਾ ਫਰਦ ਦੇ ਵਿੱਚ ਮੋਹਨ ਪਾਲ ਸਿੰਘ ਪੰਨੂ ਵਰਗੇ ਇਸ ਦੇ ਮਾਲਕ ਬਣ ਜਾਂਦੇ ਹਨ। ਜਿਹੜੀ ਵੀ decree fraudulent way ਦੇ ਨਾਲ ਕਿਸੇ ਨੇ ਲੈ ਲਈ ਤਾਂ ਇਹ ਕਲੀਅਰ ਕੱਟ ਲਾਅ ਹੈ ਕਿ ਅਸੀਂ ਉਸ ਨੂੰ null and void declare ਕਰਵਾ ਸਕਦੇ ਹਾਂ। ਬੇਸ਼ੱਕ ਤੁਹਾਡੇ ਜਵਾਬ ਦੇ ਵਿੱਚ ਆਇਆ ਹੈ ਕਿ ਪੰਚਾਇਤ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਪਰ ਮਹਿਕਮੇ ਦੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਹੁਣ ਪੰਚਾਇਤ ਨੇ ਕਾਰਵਾਈ ਸ਼ੁਰੂ ਕੀਤੀ ਹੈ। ਮੇਰਾ ਸਵਾਲ ਇਹ ਹੈ ਕਿ ਕੀ ਮਹਿਕਮੇ ਦੇ ਵੱਲੋਂ ਕੋਈ vigilance inquiry ਸ਼ੁਰੂ ਕੀਤੀ ਜਾ ਰਹੀ ਹੈ, ਕੀ ਮਾਣਯੋਗ ਸਪੀਕਰ ਕੋਰਟ ਦੇ ਵਿੱਚ ਇਸ ਜ਼ਮੀਨ ਨੂੰ null and void declare ਕਰਵਾਉਣ ਦੇ ਲਈ ਜਾਂ ਦੋਸ਼ੀਆਂ ਦੇ ਵਿਰੁੱਧ ਕੋਈ ਕਾਰਵਾਈ ਕਰਨ ਲਈ ਕੁਝ ਕੀਤਾ ਜਾ ਰਿਹਾ ਹੈ ਅਤੇ ਕੀ ਪੰਚਾਇਤ ਦੀ ਜ਼ਮੀਨ ਪੰਚਾਇਤ ਨੂੰ ਮੋੜਨ ਲਈ ਕੋਈ ਕਾਰਵਾਈ ਕੀਤੀ ਜਾ ਰਹੀ ਹੈ ਜਾਂ ਨਹੀਂ? ਇਸ ਸਬੰਧੀ ਦੱਸਿਆ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਤੁਸੀਂ fraudulent way ਨਾਲ ਟਰਾਂਸਫਰ ਹੋਈ ਜ਼ਮੀਨ ਦੇ ਕਰਨ ਵਾਲਿਆਂ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰੋਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 14.5.1997 ਨੂੰ ਇਹ ਜ਼ਮੀਨ ਪ੍ਰਾਈਵੇਟ ਵਿਅਕਤੀਆਂ ਦੇ ਹੱਕ ਵਿੱਚ ਕੀਤੀ ਗਈ। ਉਸ ਤੋਂ ਬਾਅਦ ਇਹ ਅਪੀਲ ਅਦਾਲਤ ਵੱਲੋਂ ਰੱਦ ਕੀਤੀ ਗਈ। ਫਿਰ ਸਿਵਲ ਰਿਟ ਪਟੀਸ਼ਨ ਪਾਈ ਗਈ, ਮਾਣਯੋਗ ਹਾਈ ਕੋਰਟ ਵੱਲੋਂ ਰੱਦ ਕੀਤੀ ਗਈ। ਫਿਰ ਤਿੰਨ ਵਾਰ ਪੰਚਾਇਤ ਸੁਪਰੀਮ ਕੋਰਟ ਗਈ ਅਤੇ ਤਿੰਨ ਵਾਰ ਹੀ ਸੁਪਰੀਮ ਕੋਰਟ ਵੱਲੋਂ ਰੱਦ ਕੀਤੀ ਗਈ। ਮੈਂ ਫਿਰ ਵੀ ਇਹ ਗੱਲ on the floor of the House ਕਹਿ ਰਿਹਾ ਹਾਂ ਕਿ ਮਾਣਯੋਗ ਮੈਂਬਰ ਸਾਹਿਬ ਨੇ ਜੇਕਰ ਇਹ ਕਨਸਰਨ ਦੁਬਾਰਾ ਫਿਰ ਚੁੱਕਿਆ ਹੈ ਅਤੇ ਨਵੀਂ ਚੁਣੀ ਪੰਚਾਇਤ ਨੇ ਇੱਕ ਵਾਰ ਫਿਰ ਮਤਾ ਪਾ ਕੇ ਸਾਡੇ ਡਿਪਾਰਟਮੈਂਟ ਨੂੰ ਭੇਜਿਆ ਹੈ ਤਾਂ ਮੈਂ ਇਮੀਡੀਏਟਲੀ ਇਸ ਤੇ ਸੰਗਿਆਨ ਲੈਂਦੇ ਹੋਏ ਮਾਣਯੋਗ ਏ.ਜੀ ਸਾਹਿਬ ਤੋਂ time bound manner ਦੇ ਨਾਲ ਇਸ ਦਾ version ਲੈ ਲੈਂਦਾ ਹਾਂ ਕਿ ਇਸ ਦਾ ਕੀ ਬਣਨਾ ਚਾਹੀਦਾ

ਹੈ। ਜੇਕਰ ਏ.ਜੀ ਸਾਹਿਬ ਦਾ ਇਸ ਦਾ positive version ਆ ਜਾਂਦਾ ਹੈ ਤਾਂ immediately ਅਫਸਰਾਂ ਨੂੰ ਹਦਾਇਤ ਕਰਕੇ ਅਗਲੀ ਕਾਰਵਾਈ time bound ਤਰੀਕੇ ਨਾਲ ਕਰਵਾ ਦਿਆਂਗੇ।

**1015/Tarlochan Singh**

**ਸ੍ਰੀ ਦਿਨੇਸ਼ ਕੁਮਾਰ ਚੱਢਾ** : ਸਰ, ਇਹ ਬਹੁਤ ਸਾਲਾਂ ਤੋਂ ਪੈਂਡਿੰਗ ਹੈ, ਮੰਤਰੀ ਸਾਹਿਬ ਤੁਸੀਂ ਕਿੰਨੇ ਕੁ ਦਿਨਾਂ ਵਿੱਚ ਏ.ਜੀ. ਸਾਹਿਬ ਤੋਂ opinion ਲੈ ਕੇ ਕਾਰਵਾਈ ਕਰ ਲਵੋਗੇ?

**ਮਾਣਯੋਗ ਸਪੀਕਰ** : ਮੰਤਰੀ, ਜੀ ਕੀ ਤੁਸੀਂ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ** : ਸੋਮਵਾਰ ਨੂੰ ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਆਪਣੇ ਕੋਲ ਬੁਲਾ ਕੇ ਨਾਲ ਦੀ ਨਾਲ ਇਸ ਸਬੰਧੀ proper letter ਡਰਾਫਟ ਕਰਕੇ ਏ.ਜੀ. ਸਾਹਿਬ ਨੂੰ ਭੇਜ ਦਿਆਂਗੇ। ਅੱਜ ਸ਼ੁੱਕਰਵਾਰ ਹੋ ਗਿਆ ਹੈ, ਅਸੀਂ ਇਹ ਚਿੱਠੀ ਸੋਮਵਾਰ ਭੇਜ ਦਿਆਂਗੇ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਣਯੋਗ ਸਪੀਕਰ** : ਨਹੀਂ ਜੀ, ਹੋ ਗਿਆ ਜੀ। ਅਗਲਾ ਸਵਾਲ, ਕੁਲਜੀਤ ਸਿੰਘ ਰੰਧਾਵਾ।

(ਇਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ ਅਤੇ ਉਨ੍ਹਾਂ ਦਾ ਮਾਈਕ ਬੰਦ ਸੀ।)

**ਮਾਣਯੋਗ ਸਪੀਕਰ** : ਉਹ ਸਵਾਲ ਹੋ ਗਿਆ ਹੈ ਜੀ।

-------

## ਸਬ ਡਵੀਜ਼ਨਲ ਕੰਪਲੈਕਸ, ਡੇਰਾਬਸੀ ਦੇ ਵੇਰਵੇ

***1992. ਸਰਦਾਰ ਕੁਲਜੀਤ ਸਿੰਘ ਰੰਧਾਵਾ** : ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿੱਚ ਸਬ ਡਵੀਜ਼ਨਲ ਕੰਪਲੈਕਸ ਕਿੱਥੇ ਸਥਿਤ ਹੈ, ਜਿਥੇ ਸਰਕਾਰ ਦੁਅਰਾ S.D.M., C.D.P.O., D.S.P. ਆਦਿ ਦੇ ਤਹਿਸੀਲ ਪੱਧਰ ਦੇ ਦਫਤਰ ਸਥਾਪਿਤ ਕੀਤੇ ਗਏ ਹਨ?

**ਸਰਦਾਰ ਹਰਦੀਪ ਸਿੰਘ ਮੁੰਡੀਆਂ** : ਸ਼੍ਰੀਮਾਨ ਜੀ, ਸਬ-ਡਵੀਜ਼ਨਲ/ਤਹਿਸੀਲ ਕੰਪਲੈਕਸ, ਡੇਰਾਬਸੀ ਈਸਾਪੁਰ ਰੋਡ ਉੱਤੇ ਨਗਰ ਕੌਂਸਲ ਡੇਰਾਬੱਸੀ ਦੀ ਹੱਦ ਅੰਦਰ ਹੀ ਸਥਿਤ ਹੈ। ਇਸ ਕੰਪਲੈਕਸ ਵਿੱਚ ਜੁਡੀਸ਼ੀਅਲ ਕੋਰਟਸ ਵੀ ਸਥਿਤ ਹਨ। ਉਪ ਮੰਡਲ ਮੈਜਿਸਟਰੇਟ ਡੇਰਾਬਸੀ ਦਾ ਦਫਤਰ ਆਰਜ਼ੀ ਤੌਰ ਤੇ ਨਗਰ ਕੌਂਸਲ ਦੇ ਕਮਿਊਨਟੀ ਸੈਂਟਰ ਵਿਖੇ ਸ਼ਿਫਟ ਕੀਤਾ ਗਿਆ ਹੈ।

ਸੋ, ਮੈਂ ਆਪਣੇ ਵੱਡੇ ਵੀਰ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ 17 ਤਾਰੀਖ ਨੂੰ ਮੇਰੇ ਦਫ਼ਤਰ ਵਿਖੇ ਆ ਜਾਣ। ਮੈਂ ਅਫ਼ਸਰ ਸਾਹਿਬਾਨਾਂ ਨੂੰ ਬੁਲਾ ਕੇ ਇਨ੍ਹਾਂ ਦੀ ਮੰਗ ਬਾਰੇ ਗੱਲ ਕਰਾਂਗਾ। ਦੂਜੇ ਪਾਸੇ ਕੋਰਟ ਦਾ ਕੰਪਲੈਕਸ ਜਲਦੀ ਤਿਆਰ ਹੋ ਜਾਵੇਗਾ ਅਤੇ ਇਨ੍ਹਾਂ ਵਾਲੀ ਕੰਪਲੈਕਸ, ਜਿੱਥੇ ਬੈਠ ਕੇ ਕੋਰਟ ਵੱਲੋਂ ਕੰਮ ਹੋ ਰਿਹਾ ਹੈ, ਅਸੀਂ ਖਾਲੀ ਕਰਵਾ ਲਵਾਂਗੇ।

**ਮਾਣਯੋਗ ਸਪੀਕਰ** : ਰੰਧਾਵਾ ਸਾਹਿਬ, ਠੀਕ ਹੈ ਜੀ?

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਮੰਤਰੀ ਸਾਹਿਬ ਜੇ ਠੀਕ ਹੁੰਦਾ ਤਾਂ ਮੈਂ ਡੇਢ ਸਾਲ ਬਾਅਦ ਕਿਉਂ ਕਹਿੰਦਾ। ਬੜੀ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਸਿਰਫ ਡੇਰਾਬੱਸੀ ਹਲਕਾ ਹੈ ਜਿੱਥੇ ਕਿ ਸਾਡਾ ਕੰਪਲੈਕਸ ਹੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਡੇਰਾਬੱਸੀ ਹਲਕਾ ਪੰਜਾਬ ਦਾ ਸਭ ਤੋਂ ਵੱਡਾ ਹਲਕਾ ਹੈ, 15 ਲੱਖ ਦੀ ਆਬਾਦੀ ਹੈ ਅਤੇ ਇਸ ਦੇ ਬਾਵਜੂਦ ਸਹੀ ਢੰਗ ਦਾ ਰੀਜਨਲ ਕੰਪਲੈਕਸ ਹਾਲੇ ਤੱਕ ਨਹੀਂ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਡੀ.ਐਸ.ਪੀ. ਦਫ਼ਤਰ, ਡੇਰਾਬੱਸੀ ਤੋਂ ਡੇਢ ਕਿਲੋਮੀਟਰ ਤੇ ਚੱਲਦਾ ਹੈ, ਐਸ.ਡੀ.ਐਮ. ਇੱਕ ਕਿਲੋਮੀਟ ਦੂਰ ਬੈਠਦੇ ਹਨ, ਬੀ.ਡੀ.ਪੀ.ਓ. ਡੇਢ ਕਿਲੋਮੀਟਰ ਦੂਰ ਬੈਠਦਾ ਹੈ। ਤਹਿਸੀਲ ਦਾ ਜਿਹੜਾ ਦਫ਼ਤਰ ਹੈ ਉਹ 50 X 50 ਦੇ ਕਮਰੇ ਵਿੱਚ ਚੱਲ ਰਿਹਾ ਹੈ। ਕਿੰਨਾ ਵੱਡਾ ਹਲਕਾ ਹੈ, ਕਿੰਨੇ ਲੋਕ ਹਨ, ਜੋ ਕਿ ਬਹੁਤ ਮਾੜੇ ਹਾਲਾਤ ਵਿੱਚੋਂ ਨਿਕਲ ਰਹੇ ਹਨ। ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਪਿਛਲੀ ਵਾਰ ਅਨਾਊਂਸ ਵੀ ਕਰ ਦਿੱਤਾ ਸੀ ਕਿ ਕੰਪਲੈਕਸ ਜਲਦੀ ਬਣਾ ਦਿਆਂਗੇ, ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਹ ਕੰਮ ਕਿੱਥੇ ਕੁ ਅੜਿਆ ਪਿਆ ਹੈ? ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਸਮੇਂ ਜਿਹੜੇ ਹਾਲਾਤ ਹਨ ਕਿ ਐਸ.ਡੀ.ਐਮ. ਕੋਲ ਜਾਣ ਲਈ ਘੱਟ ਘੱਟ ਇੱਕ ਘੰਟਾ ਲੱਗਦਾ ਹੈ।

**ਮਾਣਯੋਗ ਸਪੀਕਰ** : ਰੰਧਾਵਾ ਸਾਹਿਬ ਤੁਹਾਡਾ ਕੁਐਸਚਨ ਆ ਗਿਆ ਹੈ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੇ ਵੱਡੇ ਵੀਰ ਜੀ ਨੂੰ ਦੱਸਿਆ ਹੈ, ਬੇਨਤੀ ਕੀਤੀ ਹੈ ਕਿ 17 ਤਾਰੀਖ ਨੂੰ ਬੈਠ ਕੇ ਗੱਲ ਕਰ ਲਵਾਂਗੇ। ਉਪ ਮੰਡਲ ਮੈਜਿਸਟ੍ਰੇਟ ਦਾ ਦਫ਼ਤਰ ਜਲਦੀ ਹੀ ਪੁਰਾਣੀ ਜਗ੍ਹਾ ਤੇ ਚਲਾ ਜਾਵੇਗਾ। ਜੁਡੀਸ਼ੀਅਲ ਕੰਪਲੈਕਸ ਦੀ ਬਿਲਡਿੰਗ ਜਲਦੀ ਬਣ ਕੇ ਤਿਆਰ ਹੋ ਜਾਵੇਗੀ। ਮੈਂ ਜ਼ਿਆਦਾ ਲੰਬਾ ਸਮਾਂ ਨਹੀਂ ਦਿੱਤਾ ਹੈ, 17 ਤਾਰੀਖ ਨੂੰ

ਮੇਰੇ ਅਫ਼ਸਰ ਸਾਹਿਬਾਨਾਂ ਨੂੰ ਬੁਲਾ ਕੇ, ਇਨ੍ਹਾਂ ਨਾਲ ਡਿਸਕਸ ਕਰਕੇ ਜਲਦੀ ਤੋਂ ਜਲਦੀ ਇਨ੍ਹਾਂ ਦਾ ਕੰਪਲੈਕਸ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ** : ਰੰਧਾਵਾ ਜੀ, ਹੁਣ ਤਾਂ ਧੰਨਵਾਦ ਕਰ ਦਿਉ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਦੇਰ ਆਏ ਦਰੁਸਤ ਆਏ। ਛੋਟੇ ਵੀਰ ਮੈਂ ਤੁਹਾਡੇ ਕੋਲ ਲੱਡੂ ਲੈ ਕੇ ਆਵਾਂਗਾ। ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਧੰਨਵਾਦ ਜੀ।

-------

## ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਕਾਲਜ ਦੀ ਸਾਇੰਸ ਬਲਾਕ ਦੀ ਬਿਲਡਿੰਗ ਨੂੰ ਪੂਰਾ ਕਰਨਾ

***1869. ਸਰਦਾਰ ਕਰਮਬੀਰ ਸਿੰਘ** : ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਬਲਾਕ ਤਲਵਾੜਾ ਦੇ ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਕਾਲਜ ਵਿਖੇ ਸਾਇੰਸ ਬਲਾਕ ਦੀ ਬਣੀ ਬਿਲਡਿੰਗ ਅਧੂਰੀ ਹੈ ਅਤੇ ਜਗ੍ਹਾ ਘੱਟ ਹੋਣ ਕਰਕੇ ਬੱਚਿਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਅਧੂਰੇ ਸਾਇੰਸ ਬਲਾਕ ਨੂੰ ਪੂਰਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ, ਤਾਂ ਕਦੋਂ ਤੱਕ ਫੰਡ ਜਾਰੀ ਕੀਤੇ ਜਾਣਗੇ?

**ਸਰਦਾਰ ਹਰਜੋਤ ਸਿੰਘ ਬੈਂਸ** : ਜੀ ਹਾਂ, ਰਾਜ ਸਰਕਾਰ ਸੂਬੇ ਦੇ ਸਾਇੰਸ ਦੇ ਵਿਦਿਆਰਥੀਆਂ ਦੇ ਹਿੱਤ ਵਿੱਚ ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਕਾਲਜ, ਹਲਕਾ ਦਸੂਹਾ ਦੇ ਬਲਾਕ ਤਲਵਾੜਾ ਵਿਖੇ ਸਾਇੰਸ ਬਲਾਕ ਦੀ ਇਮਾਰਤ ਨੂੰ ਮੁਕੰਮਲ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ।

ਇਹ ਵੀ ਦੱਸਿਆ ਜਾਂਦਾ ਹੈ ਕਿ ਉਕਤ ਕੰਮ ਲਈ 6,94,06,654 ਰੁਪਏ (ਛੇ ਕਰੋੜ ਚੁਰਾਨਵੇਂ ਲੱਖ ਛੇ ਹਜ਼ਾਰ ਛੇ ਸੌ ਚੁਰੰਜਾ ਰੁਪਏ) ਦੇ ਨਵੇਂ ਅਨੁਮਾਨ (estimates) ਲੋਕ ਨਿਰਮਾਣ ਵਿਭਾਗ (PWD), ਪੰਜਾਬ ਵੱਲੋਂ ਪ੍ਰਾਪਤ ਹੋਏ ਹਨ ਅਤੇ ਪ੍ਰਬੰਧਕੀ ਸਕੱਤਰ, ਉੱਚੇਰੀ ਸਿੱਖਿਆ ਰਾਹੀਂ ਸੋਧੇ ਹੋਏ ਬਜਟ ਅਨੁਮਾਨ 2026-2027 ਵਿੱਚ ਵਿੱਤ ਵਿਭਾਗ (Finance Department) ਦੀ ਪ੍ਰਵਾਨਗੀ ਲਈ ਭੇਜ ਦਿੱਤੇ ਗਏ ਹਨ।

ਸਾਨੂੰ ਪੂਰੀ ਆਸ ਹੈ ਕਿ ਸਾਡੇ ਵਿੱਤ ਮੰਤਰੀ ਜੀ ਇਸ ਤੇ ਡਬਲ ਏ (AA) ਦੇਣਗੇ ਤਾਂ ਅਸੀਂ ਕੰਮ ਸ਼ੁਰੂ ਕਰਵਾ ਦਿਆਂਗੇ।

**ਮਾਣਯੋਗ ਸਪੀਕਰ** : ਕਿੰਨੀ ਕੁ ਆਸ ਹੈ?

**ਮੰਤਰੀ** : ਕਾਫੀ ਆਸ ਹੈ ਜੀ। ਮੈਨੂੰ ਤਾਂ ਕਦੇ ਨਾਂਹ ਨਹੀਂ ਕਰਦੇ ਜੀ।

**ਸਰਦਾਰ ਕਰਮਬੀਰ ਸਿੰਘ** : ਸਰ, ਇਹ ਮਹੰਤ ਰਾਮ ਪ੍ਰਕਾਸ ਦਾਸ ਸਰਕਾਰੀ ਕਾਲਜ ਹੈ। ਮਾਣਯੋਗ ਮੰਤਰੀ ਸਾਹਿਬ ਨੇ ਸਾਇੰਸ ਬਲਾਕ ਬਾਰੇ ਜੋ ਕਿਹਾ ਹੈ ਕਿ ਇਨ੍ਹਾਂ ਦੇ ਵਿਭਾਗ ਵੱਲੋਂ ਫੰਡ ਮਨਜ਼ੂਰ ਹੋ ਗਏ ਹਨ ਅਤੇ ਮਾਣਯੋਗ ਵਿੱਤ ਮੰਤਰੀ ਜੀ ਵੱਲੋਂ ਹਾਲੇ ਪ੍ਰਵਾਨਗੀ ਆਉਣੀ ਹੈ। ਮੈਂ ਮਾਣਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਸ ਦੀ ਪ੍ਰਵਾਨਗੀ ਲੈ ਲਵਾਂਗੇ?

**ਮਾਣਯੋਗ ਸਪੀਕਰ** : ਇਹ ਤੁਸੀਂ ਮਿਲ ਕੇ ਪੁੱਛ ਲਿਉ। ਇਹ ਵੱਖਰਾ ਸਵਾਲ ਬਣਦਾ ਹੈ। ਬੈਠ ਜਾਉ।

-------

## ਨਵੇਂ ਖਾਲਾਂ ਦੀ ਉਸਾਰੀ ਅਤੇ ਪੁਰਾਣੇ ਖਾਲਾਂ ਦੀ ਮੁਰੰਮਤ ਕਰਨਾ

***1939. ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2022 ਤੋਂ 2025 ਦੌਰਾਨ ਫਰੀਦਕੋਟ ਹਲਕੇ ਦੇ ਨਵੇਂ ਖਾਲਾਂ ਦੀ ਉਸਾਰੀ ਅਤੇ ਪੁਰਾਣੇ ਖਾਲਾਂ ਦੀ ਮੁਰੰਮਤ ਲਈ ਹੁਣ ਤੱਕ ਕਿੰਨਾ ਬਜਟ ਜਾਰੀ ਕੀਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਕਿੰਨਾ ਬਜਟ ਜਾਰੀ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਬਰਿੰਦਰ ਕੁਮਾਰ ਗੋਇਲ** : ਫਰੀਦਕੋਟ ਵਿਧਾਨ ਸਭਾ ਹਲਕੇ ਵਿੱਚ ਵਾਟਰ ਕੋਰਸਾਂ ਦੇ ਨਿਰਮਾਣ ਕਾਰਜਾਂ ਦੀ ਪ੍ਰਗਤੀ

1. ਸਾਲ 2022-23 ਤੋਂ 2025-26 ਦੌਰਾਨ ਫ਼ਰੀਦਕੋਟ ਵਿਧਾਨ ਸਭਾ ਹਲਕੇ ਵਿੱਚ ਖਾਲਿਆਂ (ਵਾਟਰ ਕੋਰਸਾਂ) ਦੀ ਉਸਾਰੀ ਦੇ 39 ਕੰਮ ਮੁਕੰਮਲ ਕੀਤੇ ਗਏ, ਜਿਨ੍ਹਾਂ ਲਈ 1,712.90 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਗਈ। ਇਨ੍ਹਾਂ ਕੰਮਾਂ ਤਹਿਤ 103.94 ਕਿਲੋਮੀਟਰ ਲੰਬਾਈ ਦੇ ਖਾਲੇ ਪੱਕੇ ਕੀਤੇ ਗਏ, ਜਿਸ ਨਾਲ 13,083 ਏਕੜ ਰਕਬੇ ਨੂੰ ਬਿਹਤਰ ਅਤੇ ਭਰੋਸੇਯੋਗ ਸਿੰਚਾਈ ਸਹੂਲਤਾਂ ਪ੍ਰਾਪਤ ਹੋਈਆਂ।

2. ਵਿੱਤੀ ਸਾਲ 2026-27 ਦੌਰਾਨ ਫ਼ਰੀਦਕੋਟ ਵਿਧਾਨ ਸਭਾ ਹਲਕੇ ਵਿੱਚ 23 ਨਵੇਂ ਕੰਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦੀ ਕੁੱਲ ਲਾਗਤ 1,864.50 ਲੱਖ ਰੁਪਏ ਹੈ ਅਤੇ ਇਨ੍ਹਾਂ ਦੀ ਕੁੱਲ ਲੰਬਾਈ 83.00 ਕਿਲੋਮੀਟਰ ਹੈ। ਇਨ੍ਹਾਂ ਵਿੱਚੋਂ 17 ਕੰਮ, ਜਿਨ੍ਹਾਂ ਦੀ ਲਾਗਤ 1,513.16 ਲੱਖ ਰੁਪਏ ਹੈ, ਇਸ ਸਮੇਂ ਪ੍ਰਗਤੀ ਅਧੀਨ ਹਨ, ਜਦਕਿ ਬਾਕੀ 6 ਕੰਮ, ਜਿਨ੍ਹਾਂ ਦੀ ਲਾਗਤ 351.34 ਲੱਖ ਰੁਪਏ ਹੈ, ਜਲਦੀ ਸ਼ੁਰੂ ਕੀਤੇ ਜਾਣਗੇ।

3. ਇਨ੍ਹਾਂ 23 ਕੰਮਾਂ ਦੇ ਮੁਕੰਮਲ ਹੋਣ ਉਪਰੰਤ ਫ਼ਰੀਦਕੋਟ ਵਿਧਾਨ ਸਭਾ ਹਲਕੇ ਦੇ 12,066 ਏਕੜ ਰਕਬੇ ਨੂੰ ਬਿਹਤਰ ਸਿੰਚਾਈ ਸਹੂਲਤਾਂ ਦਾ ਲਾਭ ਮਿਲੇਗਾ, ਜਿਸ ਨਾਲ ਪਾਣੀ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹ ਮਿਲੇਗਾ, ਖੇਤੀ ਉਤਪਾਦਕਤਾ ਵਿੱਚ ਵਾਧਾ ਹੋਵੇਗਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਆਵੇਗਾ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਫਰੀਦਕੋਟ ਹਲਕੇ ਦੇ ਜਿਹੜੇ 39 ਕੰਮ ਹਨ, ਜਿਨ੍ਹਾਂ ਤੇ ਸਰਕਾਰ ਦਾ 13 ਕਰੋੜ 12 ਲੱਖ ਰੁਪਿਆ ਖਰਚਾ ਆਇਆ ਹੈ। 109 ਕਿਲੋਮੀਟਰ ਖਾਲ ਬਣੇ ਹਨ ਜੋ ਕਿ ਮੁਕੰਮਲ ਹੋ ਗਏ ਹਨ। ਇਸ ਦੇ ਨਾਲ ਹੀ ਜਿਹੜੇ 23 ਕੰਮ ਹਨ।

**ਮਾਣਯੋਗ ਸਪੀਕਰ** : ਸੇਖੋਂ ਸਾਹਿਬ, ਸਵਾਲ ਪੁੱਛੋ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਸਵਾਲ ਹੀ ਪੁੱਛ ਰਿਹਾ ਹਾਂ।

**ਮਾਣਯੋਗ ਸਪੀਕਰ** : ਨਹੀਂ ਜੀ, ਫਿਰ ਦੂਜੇ ਮੈਂਬਰਾਂ ਦੇ ਸਵਾਲ ਰਹਿ ਜਾਂਦੇ ਹਨ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** :17 ਕੰਮ ਚੱਲ ਰਹੇ ਤੇ 6 ਬਾਕੀ ਹਨ। ਪਰ ਇਸ ਵਿੱਚ ਜਿਹੜੀ ਸਭ ਤੋਂ ਵੱਡੀ ਗੱਲ ਹੈ, ਉਹ ਹੈ ਫਰੀਦਕੋਟ ਹਲਕਾ ਪਹਿਲਾਂ ਹੀ ਸੇਮ ਦੀ ਮਾਰ ਥੱਲੇ ਹੈ, 50 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਲਈ ਬਰਾਂਚ 50 ਏਕੜ ਤੋਂ ਘੱਟ ਦਾ ਖਾਲ ਨਹੀਂ ਬਣਾਉਂਦੀ ਹੈ।

**1020/mehak**

ਜਿਹੜੇ ਛੋਟੇ ਜ਼ਿਮੀਂਦਾਰ ਹਨ, ਜਿਹੜੇ ਦੋ-ਢਾਈ ਕਿੱਲੇ ਵਾਲੇ ਆਉਂਦੇ ਹਨ, ਉਨ੍ਹਾਂ ਦੀ ਬਹੁਤ ਵੱਡੀ ਸਮੱਸਿਆ ਹੈ। ਜਿਹੜਾ 50 ਕਿੱਲੇ ਵਾਲਾ 100 ਕਿੱਲੇ ਕਿਸਾਨ ਹੈ, ਉਸ ਦੇ ਤਾਂ ਇਕੱਲੇ ਵਾਸਤੇ ਹੀ ਖਾਲ ਬਣ ਜਾਵੇਗਾ ਤੇ ਛੋਟੇ ਜ਼ਿਮੀਂਦਾਰਾਂ ਲਈ ਖਾਲ ਨਹੀਂ ਬਣਦਾ ਹੈ। ਇੱਕ ਤਾਂ ਜਿਹੜਾ 50 ਏਕੜ ਤੋਂ ਘੱਟ ਹੈ ਤੇ ਜਿੰਨਾ ਵੀ ਰਕਬਾ ਹੈ, ਲੋਕਾਂ ਦੇ ਸਾਂਝੇ ਖਾਲ ਜਿਹੜੇ ਪਹਿਲਾਂ ਦੇ ਬਣੇ ਹੋਏ ਹਨ, ਉਹ ਖਾਲ ਬਣਾਏ ਜਾਣ ਕਿਉਂਕਿ ਫਰੀਦਕੋਟ ਦਾ ਏਰੀਆ ਸੇਮ ਦਾ ਮਾਰਿਆ ਹੋਇਆ ਹੈ ਔਰ ਉਸ ਨੂੰ ਬਲੈਕ ਜ਼ੋਨ ਤੇ ਡਾਰਕ ਜ਼ੋਨ ਵਿੱਚ ਰੱਖਿਆ ਹੋਇਆ ਹੈ। ਸਾਨੂੰ ਉੱਥੇ ਸੋਲਰ ਕੁਨੈਕਸ਼ਨ ਵੀ ਨਹੀਂ ਮਿਲਦੇ ਹਨ, ਇਹ ਵੀ ਸਾਡੀ ਵੱਡੀ ਸਮੱਸਿਆ ਹੈ। ਇਸ ਕਰਕੇ ਪਾਣੀ ਦਾ ਜਾਣਾ ਬਹੁਤ ਜ਼ਰੂਰੀ ਹੈ ਤੇ ਜਿਹੜੇ ਖਾਲ 50 ਏਕੜ ਤੋਂ ਘੱਟ ਵਾਲੇ ਹਨ, ਉਹ ਬਣਾਏ ਜਾਣ।

**ਮਾਣਯੋਗ ਸਪੀਕਰ**: ਗੋਇਲ ਸਾਹਿਬ ਤੇ ਬਿਜਲੀ ਮੰਤਰੀ ਸਾਹਿਬ, ਇੱਕ ਤਾਂ ਸੇਮ ਹੈ ਤੇ ਦੂਜਾ ਡਾਰਕ ਜ਼ੋਨ ਹੈ, ਇਹ ਦੋਨੋਂ ਕਿਵੇਂ ਹੋ ਸਕਦੇ ਹਨ? ਸਾਨੂੰ ਜ਼ੋਨਿੰਗ ਦੁਬਾਰਾ ਠੀਕ ਕਰਨੀ ਪੈਣੀ ਹੈ।

**ਜਲ ਸਰੋਤ ਮੰਤਰੀ**: ਮੈਂ ਦੱਸਦਾ ਹਾਂ ਜੀ। ਧੰਨਵਾਦ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਜੋ 39 ਕੰਮਾਂ ਦੀ ਗੱਲ ਕੀਤੀ ਹੈ ਉਨ੍ਹਾਂ ਤੇ 17 ਕਰੋੜ 12 ਲੱਖ ਰੁਪਏ ਲੱਗੇ ਹਨ। ਇਸ ਤੋਂ ਬਿਨਾਂ ਹੁਣ 2026-27 ਵਿੱਚ 23 ਨਵੇਂ ਕੰਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਤੇ 18 ਕਰੋੜ 65 ਲੱਖ ਰੁਪਏ ਲੱਗੇ ਹਨ। ਇਨ੍ਹਾਂ ਵਿੱਚੋਂ 17 ਕੰਮ ਲਗਭਗ ਪੂਰੇ ਹੋਣ ਵਾਲੇ ਹਨ ਤੇ ਉਨ੍ਹਾਂ ਤੇ 15 ਕਰੋੜ 13 ਲੱਖ ਰੁਪਏ ਲਗਿਆ ਹੈ। ਹੁਣ ਛੇ ਕੰਮ ਬਾਕੀ ਹਨ, ਉਨ੍ਹਾਂ ਤੇ 3 ਕਰੋੜ 51 ਲੱਖ ਰੁਪਏ ਲਗਣੇ ਹਨ ਅਤੇ ਉਹ ਕੰਮ ਵੀ ਛੇਤੀ ਸ਼ੁਰੂ ਕਰਵਾ ਦਿੱਤੇ ਜਾਣਗੇ। ਜਿਹੜੀ ਮਾਣਯੋਗ ਮੈਂਬਰ ਸਾਹਿਬ, ਖਾਲਾਂ ਵਾਲੀ ਗੱਲ ਕਰ ਰਹੇ ਹਨ, ਉਹ ਇਨ੍ਹਾਂ ਨੇ ਵੱਖਰਾ ਸਵਾਲ ਵੀ ਲਗਾਇਆ ਹੋਇਆ ਹੈ। ਉਸ ਬਾਰੇ ਅਗਲੇ ਸਵਾਲ ਵਿੱਚ ਗੱਲ ਕਰ ਲਵਾਂਗੇ ਕਿ ਜਿਹੜਾ 50 ਏਕੜ ਤੋਂ ਘੱਟ ਹੈ, ਉਸ ਦੀ ਕੀ ਪੁਜ਼ੀਸ਼ਨ ਹੈ। ਮੈਂ ਇਸ ਸਵਾਲ ਦਾ ਜਵਾਬ ਦੇ ਦਿੰਦਾ ਹਾਂ ਕਿ ਸਾਡੇ ਹਲਕੇ ਵਿੱਚ ਕਿੰਨੇ ਪੈਸੇ ਲੱਗੇ ਹਨ। ਹੁਣ ਖਾਲਾਂ ਦੇ ਉਤੇ 35 ਕਰੋੜ 64 ਲੱਖ ਰੁਪਏ ਲੱਗੇ ਹਨ। ਇਸ ਤੋਂ ਬਿਨਾਂ ਕਿਉਂਕਿ ਇਹ ਬਾਬਾ ਫਰੀਦ ਜੀ ਦੀ ਧਰਤੀ ਹੈ ਤੇ ਫਰੀਦਕੋਟ ਦੇ ਲਈ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਤੇ ਜਿਹੜੇ ਤਿੰਨ ਵੱਡੇ ਪੁਲ ਬਣਾਏ ਗਏ ਹਨ, ਮੈਂ ਉਨ੍ਹਾਂ ਦਾ ਉਦਘਾਟਨ ਵੀ ਕਰਕੇ ਆਇਆ ਹਾਂ ਅਤੇ ਖਾਲਿਆਂ ਦਾ ਵੀ ਉਦਘਾਟਨ ਕਰਕੇ ਆਇਆ ਹਾਂ। ਬੜੀ ਵੱਡੀ ਗਿਣਤੀ ਵਿੱਚ ਲੋਕ ਉੱਥੇ ਮਾਣਯੋਗ ਮੈਂਬਰ ਸਾਹਿਬ ਨਾਲ ਇਕੱਠੇ ਹੋਏ ਸੀ ਤੇ ਪਹਿਲੀ ਵਾਰੀ ਉੱਥੇ ਪਾਣੀ ਪਹੁੰਚਿਆ ਸੀ। ਇਸ ਤੋਂ ਬਿਨਾਂ ਜਿਹੜੀ ਸੇਮ ਦੀ ਗੱਲ ਹੈ, ਸਰਹਿੰਦ ਫੀਡਰ ਦੀ ਰੀਲਾਈਨਿੰਗ ਦੀ ਬਹੁਤ ਵੱਡੀ ਸਮੱਸਿਆ ਸੀ ਕਿਉਂਕਿ ਪਾਣੀ ਸੇਮ ਵਾਂਗ ਹੀ ਉੱਥੇ ਸਾਈਡਾਂ ਤੇ ਬਿਖਰ ਜਾਂਦਾ ਸੀ ਤੇ ਫਿਰੋਜ਼ਪੁਰ ਫੀਡਰ ਨਾਲ ਵੀ ਮਿਲ ਜਾਂਦਾ ਸੀ। ਉਸ ਦੀ ਰੀਲਾਈਨਿੰਗ ਜ਼ਿਆਦਾਤਰ ਫਰੀਦਕੋਟ ਵਿੱਚ ਹੀ ਹੋਈ ਹੈ। ਉਸ ਤੇ 104 ਕਰੋੜ ਰੁਪਏ ਖਰਚੇ ਗਏ ਹਨ। ਸੋ, ਕੁੱਲ ਮਿਲਾ ਕੇ ਫਰੀਦਕੋਟ ਵਿੱਚ 188 ਕਰੋੜ ਰੁਪਏ ਸਰਕਾਰ ਵੱਲੋਂ ਖਰਚਿਆ ਗਿਆ ਹੈ। ਜਿਹੜੇ ਖਾਲਾਂ ਦੇ ਰਹਿੰਦੇ ਕੰਮ ਹਨ, ਉਹ ਅਸੀਂ ਛੇਤੀ ਪੂਰੇ ਕਰ ਦਿਆਂਗੇ।

--------

## ਜਗਰਾਉਂ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਘਾਟਾਂ ਨੂੰ ਪੂਰਾ ਕਰਨਾ

***1902. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਉਂ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਕਮਰਿਆਂ, ਟਾਇਲਟਾਂ, ਬਾਊਂਡਰੀ ਵਾਲਜ਼ ਦੀ ਮੁਕੰਮਲ ਅਤੇ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ**: ਜੀ ਹਾਂ। ਜਗਰਾਉਂ ਵਿਧਾਨ ਸਭਾ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਲੋੜੀਂਦੀਆਂ ਘਾਟਾਂ ਨੂੰ ਪੂਰਾ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ, ਲੁਧਿਆਣਾ ਵੱਲੋਂ 148.42 ਲੱਖ ਰੁ. ਦੀ ਤਜਵੀਜ਼ ਪ੍ਰਾਪਤ ਹੋਈ ਹੈ। ਜਲਦ ਹੀ ਇਹ ਰਾਸ਼ੀ ਸਬੰਧਤ ਸਕੂਲਾਂ ਨੂੰ ਜਾਰੀ ਕਰ ਦਿੱਤੀ ਜਾਵੇਗੀ। ਜਿੱਥੋਂ ਤੱਕ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਦਾ ਸਬੰਧ ਹੈ, ਇਸ ਘਾਟ ਨੂੰ ਪੂਰਾ ਕਰਨ ਸਬੰਧੀ ਕਾਰਵਾਈ ਅਮਲ ਅਧੀਨ ਹੈ। ਜਲਦ ਹੀ ਇਹ ਖਾਲੀ ਅਸਾਮੀਆਂ ਭਰਨ ਲਈ ਇਸ਼ਤਿਹਾਰ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ।

ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਜਗਰਾਓਂ ਹਲਕੇ ਦੇ ਸਾਰੇ ਸਕੂਲਾਂ ਦੇ ਬਾਰੇ ਉੱਥੇ ਦੀ ਇਨਫਰਾਸਟਰੱਕਚਰ ਦੀ ਘਾਟ, ਟੀਚਰਾਂ ਦੀ ਘਾਟ ਸਬੰਧੀ ਪ੍ਰਸ਼ਨ ਪੁੱਛਿਆ ਹੈ। ਹੁਣ ਤੱਕ ਡਿਸਟ੍ਰਿਕਟ ਐਜੂਕੇਸ਼ਨ ਅਫਸਰ, ਲੁਧਿਆਣਾ ਰਾਹੀਂ ਜੋ ਡਾਟਾ ਰਸੀਵ ਹੋਇਆ ਹੈ, ਜਗਰਾਓਂ ਹਲਕੇ ਦੀਆਂ ਡਿਮਾਂਡਜ਼ ਲਈ 1 ਕਰੋੜ 48 ਲੱਖ ਰੁਪਏ ਹੋਰ ਮੰਗੇ ਗਏ ਹਨ। ਪਿਛਲੇ ਸਮੇਂ ਵਿੱਚ ਸਾਲ 2022 ਤੋਂ ਲੈ ਕੇ 147 ਸਕੂਲਾਂ ਉਤੇ 8 ਕਰੋੜ ਤੋਂ ਵੱਧ ਖਰਚਾ ਆ ਚੁੱਕਿਆ ਹੈ। ਉਸ ਦਾ ਅਨੈਕਸਚਰ ਮੈਂ ਐਮ.ਐਲ.ਏ. ਸਾਹਿਬ ਨੂੰ ਦੇ ਦਿੱਤਾ ਹੈ। ਸਿਰਫ ਇਹੀ ਡੇਢ ਕਰੋੜ ਰੁਪਏ ਹੀ ਨਹੀਂ, ਇਸ ਤੋਂ ਇਲਾਵਾ ਵੀ ਜੇਕਰ ਕੋਈ ਸਕੂਲ ਹਨ ਤਾਂ ਉਸ ਦੀ ਲਿਸਟ ਸਾਡੇ ਕੋਲ ਪ੍ਰੋਵਾਈਡ ਕਰਵਾ ਦੇਣ। ਸਾਡੇ ਕੋਲ ਆਪਣੇ ਫੰਡਜ਼ ਹਨ, ਵਰਲਡ ਬੈਂਕ ਦੀ ਵੀ ਏਡ ਆ ਗਈ ਹੈ। ਕਿਸੇ ਹੋਰ ਵੀ ਮੈਂਬਰ ਸਾਹਿਬਾਨਾਂ ਨੂੰ ਮੈਂ ਕਹਾਂਗਾ ਕਿ ਸਾਡੇ ਕੋਲ ਵਾਧੂ ਫੰਡਜ਼ ਹਨ ਅਤੇ ਜੇ ਕਿਸੇ ਵੀ ਸਕੂਲ ਵਿੱਚ ਕੰਮ ਹੋਣ ਵਾਲੇ ਹਨ ਤਾਂ ਸਾਨੂੰ ਲਿਸਟ ਪ੍ਰੋਵਾਈਡ ਕਰਵਾ ਦਿੱਤੀ ਜਾਵੇ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਇਨ੍ਹਾਂ ਨੇ ਮੇਰੇ ਸਕੂਲਾਂ ਨੂੰ ਬੈਟਰ ਬਣਾਇਆ। ਸਕੂਲ ਆਫ ਐਮੀਨੈਂਸ ਦੀ 1935 ਵਿੱਚ ਬਿਲਡਿੰਗ ਚੇਂਜ ਹੋਈ ਸੀ ਪਰ ਉਸ ਤੋਂ ਬਾਅਦ ਇਨ੍ਹਾਂ ਨੇ ਹੀ ਕੀਤਾ ਹੈ, ਉਸ ਲਈ ਧੰਨਵਾਦ। ਪਰ ਹੁਣ ਮੈਂ ਪ੍ਰਸ਼ਨ ਪੁੱਛਦੀ ਹਾਂ ਕਿ ਸਕੂਲ ਆਫ ਐਮੀਨੈਂਸ ਦੀ ਨਵੀਂ ਬਿਲਡਿੰਗ ਬਣੀ ਹੈ, ਜਿਸ ਕਰਕੇ ਉੱਥੇ ਨਵੇਂ ਸਟੂਡੈਂਟਸ ਆ ਰਹੇ ਹਨ, ਅਧਿਆਪਕਾਂ ਦੀ ਘਾਟ ਹੈ। ਅਧਿਆਪਕਾਂ ਦੀ ਘਾਟ ਦਾ ਹੱਲ ਵੀ ਮੈਂ ਹੀ ਦੱਸ ਦਿੰਦੀ ਹਾਂ ਕਿ ਸਕੂਲ ਵਿੱਚ ਕੰਧ ਵੀ ਨਹੀਂ ਹੈ। ਉੱਥੇ ਸੀਨੀਅਰ ਸੈਕੰਡਰੀ ਸਕੂਲ ਕੁੜੀਆਂ ਦਾ ਵੀ ਹੈ ਅਤੇ ਮੁੰਡਿਆਂ ਦਾ ਵੀ ਹੈ। ਜੇ ਆਪਾਂ ਦੋਨੋਂ ਟੀਚਰਜ਼ ਨੂੰ ਐਡਜਸਟ ਕਰਕੇ ਇੱਕ ਪੀਰੀਅਡ ਦੇ ਦੇਈਏ ਤਾਂ ਟੀਚਰਾਂ ਦੀ ਘਾਟ ਪੂਰੀ ਹਹੋ ਜਾਵੇਗੀ। ਇੱਕ ਤਿਹਾੜਾ ਸਕੂਲ ਵਿੱਚ ਕੁੜੀਆਂ ਮੁੰਡਿਆਂ ਦਾ ਬਾਥਰੂਮ ਇੱਕੋ ਹੀ ਹੈ, ਉੱਥੇ ਸਾਨੂੰ ਬਾਥਰੂਮ ਕਦੋਂ ਤੱਕ ਦੇ ਦਿੱਤਾ ਜਾਵੇਗਾ। ਹਠੂਰ ਸਕੂਲ ਵਿੱਚ ਸਾਇੰਸ ਗਰੁੱਪ ਹੈ ਪਰ ਲੰਮੇ ਸਮੇਂ ਤੋਂ ਉੱਥੇ ਸਾਇੰਸ ਦਾ ਸਟਾਫ ਨਹੀਂ ਹੈ। ਉੱਥੇ ਪਿੰਡ ਦੇ ਲੋਕ ਆਪਣੇ ਲੈਵਲ ਤੇ ਚਲਾਉਂਦੇ ਹਨ। ਇਸ ਦੀ ਘਾਟ ਕਦੋਂ ਤੱਕ ਪੂਰੀ ਹੋ ਕਰ ਦੇਵੋਗੇ? ਦੇੜਕਾ ਸਕੂਲ ਨੂੰ 2017 ਵਿੱਚ ਆਪਣੇ ਐਫਰਟਸ ਨਾਲ ਉੱਥੇ ਦੁਬਾਰਾ ਪਲੱਸ ਟੂ ਰਹਿ ਗਈ ਸੀ ਅਤੇ ਉੱਥੇ ਟੀਚਰ ਅਲਾਟ ਨਹੀਂ ਹੋਏ, ਉਹ ਅਜੇ ਤੱਕ ਫਾਈਨੈਂਸ ਮਨਿਸਟਰ ਸਾਹਿਬ ਕੋਲ ਪਈ ਹੈ। ਸਰ, ਇਹ ਪਲੀਜ਼ ਦੱਸ ਦਿਉ ਕਿ ਕਦੋਂ ਤੱਕ ਘਾਟ ਪੂਰੀ ਕਰ ਦਿਉਗੇ?

**1025/Sukhpiar Singh**

**ਮੰਤਰੀ**: ਜੀ ਸਰ, ਜਿਹੜਾ ਜਗਰਾਓਂ ਦਾ ਸਕੂਲ ਆਫ ਐਮੀਨੈਂਸ ਹੈ, ਇਹ ਕਾਫੀ ਪੁਰਾਣਾ ਸਕੂਲ ਅਤੇ ਹਿਸਟਾਰਿਕ ਸਕੂਲ ਹੈ, ਉਸ ਵਿੱਚ ਬਹੁਤ ਕੰਮ ਹੋ ਵੀ ਰਹੇ ਹਨ, ਨਵੇਂ ਬਲਾਕ ਦੀ ਪਰਪੋਜ਼ਲ ਵੀ ਹੈ। ਜਿਹੜਾ ਦੋਵਾਂ ਸਕੂਲਾਂ ਦੇ ਸਟਾਫ ਨੂੰ ਇਕੱਠਾ ਕਰਨ ਵਾਲੀ ਗੱਲ ਹੈ, ਉਹ ਤਾਂ ਮੈਂ ਹੁਣੇ ਹੀ ਡੀ.ਓ. ਨੂੰ ਕਹਿ ਦਿੰਦਾ ਹਾਂ, ਹੋ ਜਾਵੇਗਾ। ਪਲੱਸ ਮੈਂ ਦੁਬਾਰਾ ਹਾਊਸ ਨੂੰ ਦੱਸ ਦੇਵਾਂਗਾ ਕਿ 1032 ਲੈਕਚਰਾਰਜ਼ ਦੀ ਰਿਕਰੂਟਮੈਂਟ is going on, ਅਸੀਂ ਇਹ ਸਾਰੇ ਲੈਕਚਰਾਰ ਸਿਰਫ ਅਤੇ ਸਿਰਫ ਰੂਰਲ ਸਕੂਲਾਂ ਵਿੱਚ ਭੇਜਣੇ ਹਨ, ਇਕੱਲੇ ਸ਼ਹਿਰਾਂ ਵਿੱਚ ਲੈਕਚਰਾਰ ਹਨ, ਪਿੰਡਾਂ ਵਿੱਚ ਖਾਲੀ ਹਨ। ਇਹ ਟੋਟਲ ਸਾਡੀ ਕੋਸ਼ਿਸ਼ ਹੈ ਕਿ ਅਗਲੇ ਚਾਰ ਮਹੀਨਿਆਂ ਵਿੱਚ ਭਰਤੀ ਹੋ ਜਾਵੇਗੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਕਰੂਟਮੈਂਟ

ਕਰ ਰਹੀ ਹੈ ਅਤੇ ਉਨ੍ਹਾਂ ਨੂੰ ਸਾਰਾ ਕੁਝ ਜਾ ਚੁੱਕਾ ਹੈ। We are hopeful that in next 3 to 4 months, ਉਹ ਲੈਕਚਰਾਰ ਆ ਜਾਣਗੇ। ਜਿਹੜਾ ਤੁਸੀਂ ਕਿਹਾ ਹੈ, ਉਹ ਇਮੀਜੀਏਟਲੀ ਭਰ ਜਾਵੇਗਾ। ਕੁਝ ਸਕੂਲਾਂ ਦੀ ਤੁਸੀਂ ਡਿਟੇਲ ਦਿੱਤੀ ਹੈ, ਮੈਨੂੰ ਅੱਜ ਹੀ ਕਹਿ ਦਿਉ, we have ample funds, ਉਹ ਪੈਸੇ ਅੱਜ ਹੀ ਜਾਰੀ ਹੋ ਜਾਣਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਾਹਿਬ ਸੀ, ਉਦੋਂ ਉਹ 23 ਕਮਰਿਆਂ ਦਾ 80 ਲੱਖ ਰੁਪਿਆ ਦੇ ਕੇ ਗਏ ਸੀ, ਨੀਂਹ ਪੱਥਰ ਰੱਖਿਆ ਹੋਇਆ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਦੀ ਹਾਂ ਕਿ ਉਸ ਦੀ ਕਮੇਟੀ ਬਣਾ ਕੇ, ਪੈਸਾ ਅਜੇ ਤੱਕ ਸਕੂਲ ਵਿੱਚ ਕਿਉਂ ਨਹੀਂ ਆਇਆ, ਕਿੱਥੇ ਗਿਆ ਅਤੇ ਉਸ ਦੀ ਜਾਂਦ ਕਦੋਂ ਤੱਕ ਕਰਵਾ ਦਿਉਗੇ? ਉਹ ਇੱਕ ਬਹੁਤ ਵੱਡਾ ਘਪਲਾ ਹੈ। ਬੱਚਿਆਂ ਦਾ ਸਕੂਲ ਡਿੱਗ ਰਿਹਾ ਹੈ। ਉੱਥੇ ਨੀਂਹ ਪੱਥਰ ਰੱਖਿਆ ਹੋਇਆ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, 80 ਲੱਖ ਰੁਪਿਆ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਾਲਾ ਕਿੱਧਰ ਗਿਆ?

**ਮੰਤਰੀ**: ਸਰ, ਪਹਿਲੀ ਗੱਲ ਤਾਂ ਗੱਲ ਹਜ਼ਮ ਨਹੀਂ ਹੁੰਦੀ ਕਿ 23 ਕਮਰਿਆਂ ਲਈ 80 ਲੱਖ ਰੁਪਿਆ, 80 ਲੱਖ ਰੁਪਏ ਵਿੱਚ 23 ਕਮਰੇ ਨਹੀਂ ਬਣ ਸਕਦੇ। ਇੱਕ ਕਮਰੇ ਦੀ ਕਾਸਟ 10 ਲੱਖ ਰੁਪਏ ਦੀ ਹੈ, ਜੇਕਰ ਐਸ.ਐਮ.ਸੀ. ਬਣਾਵੇ ਤਾਂ ਤਕਰੀਬਨ 2.5 ਕਰੋੜ ਰੁਪਏ ਦਾ ਖਰਚਾ ਹੈ। ਜੇਕਰ ਇਸ ਦਾ ਤੁਸੀਂ ਮੈਨੂੰ ਸਪੈਸ਼ਲ ਦੇ ਦਿਉ ਤਾਂ ਮੈਂ ਉਸ ਦੀ ਜਾਂਚ ਕਰਵਾ ਦਿੰਦਾ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਇੱਕ ਹੋਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਬਸ ਕਰੋ, ਬੀਬਾ ਜੀ। ਭੈਣ ਜੀ, ਗੱਲ ਮੰਨ ਲਵੋ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

-------

## ਸਰਕਾਰੀ ਸਕੂਲ ਜਾਣ ਵਾਲੇ ਵਿਦਿਆਰਥੀਆਂ ਲਈ ਫੁੱਟ ਓਵਰ ਬ੍ਰਿਜ ਬਣਾਉਣਾ

***1989. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪਿੰਡ ਅਲਾਦੀਨਪੁਰ, ਹਲਕਾ ਖਡੂਰ ਸਾਹਿਬ ਵਿਖੇ ਲੰਘਦੇ ਰਾਸ਼ਟਰੀ ਰਾਜਮਾਰਗ ਤੇ ਸਰਕਾਰੀ ਸਕੂਲ ਜਾਣ ਵਾਲੇ ਵਿਦਿਆਰਥੀਆਂ ਲਈ ਕੋਈ ਫੁੱਟ ਓਵਰ ਬ੍ਰਿਜ (Foot Over Bridge) ਜਾਂ ਹੋਰ ਸੁਰੱਖਿਅਤ ਪੈਦਲ ਲੰਘਣ ਦੀ ਵਿਵਸਥਾ ਮੌਜੂਦ ਨਹੀਂ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਹਰ ਰੋਜ਼ ਹਾਈਵੇ ਪਾਰ ਕਰਕੇ ਸਕੂਲ ਜਾਣਾ ਪੈਂਦਾ ਹੈ ਅਤੇ ਗੰਭੀਰ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਪਿੰਡ ਅਲਾਦੀਨਪੁਰ ਦੇ ਸਾਹਮਣੇ, ਸਕੂਲ ਵਾਲੇ ਸਥਾਨ ਤੇ ਹੀ ਫੁੱਟ ਓਵਰ ਬ੍ਰਿਜ ਬਣਾਉਣ ਲਈ ਰਾਸ਼ਟਰੀ ਰਾਜਮਾਰਗ ਅਥਾਰਟੀ (NHAI) ਜਾਂ ਸੰਬੰਧਿਤ ਏਜੰਸੀ ਨੂੰ ਪ੍ਰਸਤਾਵ ਭੇਜੇਗੀ ਜਾਂ ਬਣਵਾਏਗੀ; ਜੇਕਰ ਹਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ**: (ੳ) ਇਹ ਠੀਕ ਹੈ ਕਿ ਪਿੰਡ ਅਲਾਦੀਨਪੁਰ, ਹਲਕਾ ਖਡੂਰ ਸਾਹਿਬ ਜੋ ਕਿ ਰਾਸ਼ਟਰੀ ਰਾਜਮਾਰਗ- 54 (ਅੰਮ੍ਰਿਤਸਰ ਬਠਿੰਡਾ ਸੜਕ) ਉਪਰ ਸਥਿਤ ਹੈ ਵਿਖੇ ਸਰਕਾਰੀ ਸਕੂਲ ਜਾਣ ਵਾਲੇ ਵਿਦਿਆਰਥੀਆਂ ਲਈ ਫੁੱਟ ਓਵਰ ਬ੍ਰਿਜ ਮੌਜੂਦ ਨਹੀਂ ਹੈ ਪਰੰਤੂ ਇਸ ਸੜਕ ਦੀ ਚੇਨੇਜ 132+150 'ਤੇ ਸਾਲ 2018 ਦੌਰਾਨ ਰਾਸ਼ਟਰੀ ਰਾਜਮਾਰਗ (ਨੈਸ਼ਨਲ ਹਾਈਵੇ) ਨੂੰ ਪਾਰ ਕਰਨ ਲਈ ਪਹਿਲਾਂ ਹੀ ਇੱਕ ਅੰਡਰਪਾਸ ਬਣਾਇਆ ਜਾ ਚੁੱਕਾ ਹੈ। ਉਕਤ ਅੰਡਰਪਾਸ ਸਬੰਧਤ ਸਕੂਲ ਤੋਂ ਹਰੀਕੇ ਵੱਲ ਲੱਗਭਗ 500 ਮੀਟਰ ਦੀ ਦੂਰੀ 'ਤੇ ਸਥਿਤ ਹੈ।

(ਅ) ਮੌਜੂਦਾ ਅੰਡਰਪਾਸ ਕਰਾਸਿੰਗ ਦੀ ਸਹੂਲਤ ਸਬੰਧਤ ਸਕੂਲ ਤੋਂ ਹਰੀਕੇ ਵੱਲ ਲਗਭਗ 500 ਮੀਟਰ ਦੀ ਦੂਰੀ 'ਤੇ ਪਹਿਲਾਂ ਹੀ ਉਪਲੱਬਧ ਹੋਣ ਕਰਕੇ ਮੌਜੂਦਾ ਸਮੇਂ ਵਿੱਚ ਰਾਸ਼ਟਰੀ ਰਾਜਮਾਰਗ ਅਥਾਰਟੀ (ਐਨ.ਐਚ.ਏ.ਆਈ.) ਕੋਲ ਇਸ ਸਥਾਨ 'ਤੇ ਫੁੱਟ ਓਵਰ ਬ੍ਰਿਜ ਦੇ ਨਿਰਮਾਣ ਲਈ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੈਂ ਸਵਾਲ ਦੇ ਜਵਾਬ ਨਾਲ ਬਿਲਕੁਲ ਸੰਤੁਸ਼ਟ ਹਾਂ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਲਾਦੀਨਪੁਰ ਪਿੰਡ ਬਿਲਕੁਲ ਸ਼ਹਿਰ ਦੇ ਨਾਲ ਆ ਗਿਆ ਹੈ ਅਤੇ ਉੱਥੇ ਸਰਕਾਰੀ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜਦੋਂ ਬੱਚੇ ਖੱਬੇ ਪਾਸੇ ਤੋਂ ਸੱਜੇ ਸਕੂਲ ਵਾਲੇ ਪਾਸੇ ਜਾਂਦੇ ਹਨ ਅਤੇ ਜਦੋਂ ਛੁੱਟੀ ਵੇਲੇ ਹਾਈਵੇਅ ਨੂੰ ਕਰਾਸ ਕਰਦੇ ਹਨ ਤਾਂ ਬਹੁਤ ਸਾਰੇ ਹਾਦਸੇ ਹੁੰਦੇ ਹਨ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਹਾਡੇ ਧਿਆਨ ਵਿੱਚ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਉੱਥੇ ਕਿੰਨੇ ਹਾਦਸੇ ਹੋਏ ਹਨ। ਜੇ ਹਾਦਸੇ ਹੋਏ ਹਨ ਤਾਂ ਫਿਰ ਕੀ ਐਨ.ਐਚ.ਏ.ਆਈ. ਤੋਂ ਵੱਖਰੀ ਛੋਟ ਲੈ ਕੇ ਆਪਾਂ ਉੱਥੇ ਫੁੱਟ ਓਵਰਬ੍ਰਿਜ ਬਣਾ ਸਕਦੇ ਹਾਂ? ਮੰਤਰੀ ਸਾਹਿਬ, ਇੱਕ ਜਵਾਬ ਵਿੱਚ ਡਿਪਾਰਟਮੈਂਟ ਨੇ ਦੱਸਿਆ ਹੈ ਕਿ 500 ਮੀਟਰ ਅੰਡਰ ਬ੍ਰਿਜ ਹੈ ਪਰ 500 ਮੀਟਰ ਬੱਚੇ ਨੂੰ ਜਾਣਾ ਅਤੇ ਉੱਪਰੋਂ ਘੁੰਮ ਕੇ ਆਉਣਾ, ਉਹ ਇੱਕ ਕਿਲੋਮੀਟਰ ਬਣ ਜਾਂਦਾ ਹੈ ਅਤੇ ਜੇ ਦੂਜੇ ਪਾਸਿਓਂ ਜਾਂਦੇ ਹਾਂ ਤਾਂ ਫਿਰ ਵੀ ਇੱਕ ਕਿਲੋਮੀਟਰ ਬਣਦਾ ਹੈ। ਯਾਨੀ ਕਿ ਬੱਚੇ ਨੂੰ ਦੋ ਕਿਲੋਮੀਟਰ ਪੈਦਲ ਚਲ ਕੇ ਜਾਣਾ ਪੈਂਦਾ ਹੈ। ਮੈਂ ਇਹੀ ਕਹਾਂਗਾ ਕਿ ਐਨ.ਐਚ.ਏ.ਆਈ. ਨਾਲ ਗੱਲ ਕਰਕੇ ਉੱਥੇ ਫੁੱਟ ਓਵਰਬ੍ਰਿਜ ਬਣਾਈਏ ਅਤੇ ਬੱਚਿਆਂ ਦੀ ਜਾਨ ਅਤੇ ਉਨ੍ਹਾਂ ਦਾ ਸਮਾਂ ਬਚੇ।

**ਮਾਣਯੋਗ ਸਪੀਕਰ**: ਕੀ ਉੱਥੇ ਐਫ.ਓ.ਬੀ. ਬਣਾਓਗੇ? ਮੇਰਾ ਖਿਆਲ ਹੈ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵੀ ਨਾਲ ਲੈ ਲਵੋ।

**ਲੋਕ ਨਿਰਮਾਣ (ਭ ਤੇ ਮ) ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਬੱਚਿਆਂ ਨੂੰ 500 ਮੀਟਰ ਦੋ ਵਾਰੀ ਵਾਧੂ ਪੈਂਡਾ ਤੈਅ ਕਰਨਾ ਪੈਂਦਾ ਹੈ। ਸਰ, ਇਸ ਵਾਸਤੇ ਅਸੀਂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਲਿਖ ਦਿੱਤਾ ਹੈ, ਜਦੋਂ ਇਨ੍ਹਾਂ ਦਾ ਸਵਾਲ ਆਇਆ ਸੀ ਔਰ ਨਾਲ ਦੀ ਨਾਲ ਰੋਡ ਸੇਫਟੀ ਕਮੇਟੀ ਵਿੱਚ ਜਦੋਂ ਅਗਲੀ ਮੀਟਿੰਗ ਡੀ.ਸੀ. ਸਾਹਿਬ ਨਾਲ ਹੋਵੇਗੀ ਤਾਂ ਮਾਣਯੋਗ ਮੈਂਬਰ ਸਾਹਿਬ ਨੂੰ ਵੀ ਉਸ ਲੈਟਰ ਦਾ ਉਤਾਰਾ ਭੇਜ ਦਿੱਤਾ ਗਿਆ ਹੈ। ਉੱਥੇ ਇਸ ਨੂੰ ਡਿਸਕਸ ਕੀਤਾ ਜਾਵੇਗਾ ਅਤੇ ਇਸ ਦਾ ਵਾਇਬਲ ਹੱਲ ਜ਼ਰੂਰ ਕੱਢਿਆ ਜਾਵੇਗਾ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਸਪੀਕਰ ਸਾਹਿਬ, ਇਹ ਇਨਡਾਇਰੈਕਟਲੀ ਕੁਐਸਚਨ ਤੇ ਬੜਾ ਇੰਪਾਰਟੈਂਟ ਸਵਾਲ ਮਾਣਯੋਗ ਮੈਂਬਰ ਸਾਹਿਬ ਨੇ ਪੁੱਛਿਆ ਹੈ। ਮਾਣਯੋਗ ਮੈਂਬਰ ਸਾਹਿਬ ਨੇ ਸਕੂਲ ਦੇ ਬਾਹਰ ਫੁੱਟ ਓਵਰਬ੍ਰਿਜ ਬਾਰੇ ਪੁੱਛਿਆ ਹੈ ਅਤੇ ਮੈਂ ਸਾਰੇ ਐਮ.ਐਲ.ਏ. ਸਾਹਿਬ ਨੂੰ ਬੇਨਤੀ ਵੀ ਕਰਾਂਗਾ ਕਿ as per the new India code.

**1030/Manika Rani**

ਸਰ, ਸਾਰੇ ਸਰਕਾਰੀ ਸਕੂਲ ਅਤੇ ਸਾਰੇ ਪ੍ਰਾਈਵੇਟ ਸਕੂਲ ਸ਼ਾਮਲ ਹਨ। ਸਪੀਕਰ ਸਾਹਿਬ, ਚਾਹੇ ਉਹ ਸੜਕ ਐਨ.ਐਚ.ਏ.ਆਈ. ਦੀ ਹੈ ਜਾਂ ਪੀ.ਡਬਲਿਯੂ.ਡੀ. ਦੀ ਹੈ, ਚਾਹੇ ਸਟੇਟ ਹਾਈਵੇਅ ਹੈ ਜਾਂ ਮੰਡੀ ਬੋਰਡ ਹੈ, They are duty bound. ਅਗਰ ਉਥੇ rumble strips ਦੀ ਲੋੜ ਹੈ ਜਾਂ advance signage ਦੀ ਲੋੜ ਹੈ। ਸਾਰੇ ਸਕੂਲਾਂ ਅੱਗੇ ਇਹ ਸਾਰੇ ਕੋਡ ਬਹੁਤ ਕੰਪਲਸਰੀ ਹਨ and it is required ਤਾਂ ਫੁੱਟ ਓਵਰ ਬ੍ਰਿਜ ਬਣਾਉਣਾ ਵੀ NHAI and PWD ਦੀ ਜ਼ਿੰਮੇਵਾਰੀ ਬਣਦੀ ਹੈ। ਅਗਰ ਉਹ ਫਾਲੋ ਨਹੀਂ ਕਰਦੇ ਹਨ ਤਾਂ ਉਹ ਜ਼ਿੰਮੇਵਾਰ ਹੋਣਗੇ। ਪਿਛਲੇ ਸਮੇਂ ਦੇ ਵਿੱਚ ਮੈਂ ਖੁਦ ਖਰੜ ਦੇ ਕਈ ਸਕੂਲਾਂ ਵਿੱਚ ਅਤੇ ਸਿਰਸਾ, ਨੰਗਲ ਦੇ ਸਕੂਲਾਂ ਵਿੱਚ ਫੁੱਟ ਓਵਰ ਬ੍ਰਿਜ ਬਣਾਉਣ ਲਈ ਐਨਸ਼ਿਓਰ ਕਰਵਾਇਆ ਸੀ। ਹੁਣ ਵੀ ਜਿਹੜੀਆਂ 44 ਹਜ਼ਾਰ ਕਿਲੋਮੀਟਰ ਸੜਕਾਂ ਬਣ ਰਹੀਆਂ ਹਨ, ਉਨ੍ਹਾਂ ਵਿੱਚ ਵੀ ਜਿੱਥੇ ਸਕੂਲ ਹਨ, ਉਥੇ rumble strips, signage ਬਣਾਏ ਜਾਣਗੇ ਕਿਉਂਕਿ ਬੱਚਿਆਂ ਦੀ ਸੁਰੱਖਿਆ ਸਭ ਤੋਂ ਇੰਪਾਰਟੈਂਟ ਹੈ। ਸੋ, ਮਾਣਯੋਗ ਮੈਂਬਰ ਸਾਹਿਬ ਇਸ ਸਬੰਧੀ ਮੈਨੂੰ ਵੀ ਦੱਸ ਸਕਦੇ ਹਨ। ਅਸੀਂ NHAI or PWD ਨੂੰ ਬੁਲਾ ਕੇ ਜਾਂ ਜਿਹੜੀ ਵੀ ਸੜਕ ਵਾਲੀ ਅਥਾਰਿਟੀ ਹੈ, ਉਸ ਤੋਂ ਕਰਵਾਵਾਂਗੇ। Sir, It is must.

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੈਂ ਦੋਨਾਂ ਮੰਤਰੀ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਸਰ, ਤੁਸੀਂ ਆਉਂਦੇ ਰਹਿੰਦੇ ਹੋ, ਕਦੇ ਆਪਾਂ ਉਸ ਦਾ ਦੌਰਾ ਵੀ ਜ਼ਰੂਰ ਕਰਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਬਾਵਾ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਪਿਛਲੀ ਵਿਧਾਨ ਸਭਾ ਵਿੱਚ ਪੀ.ਡਬਲਿਯੂ.ਡੀ. ਮਨਿਸਟਰ ਸਾਹਿਬ ਨੇ ਹਾਊਸ ਵਿੱਚ ਐਸ਼ੋਰੈਂਸ ਦਿੱਤਾ ਸੀ। ਸਾਡਾ ਆਰ.ਯੂ.ਬੀ. ਟਾਂਡਾ ਰੋਡ ਫਾਟਕ ਨਾਲ ਪੈਂਦਾ ਹੈ, ਜਿਸ ਦੇ ਨੇੜੇ ਬਹੁਤ ਸਕੂਲ ਲੱਗਦੇ ਹਨ ਅਤੇ ਉਥੋਂ 134 ਟਰੇਨਾਂ ਨਿਕਲਦੀਆਂ ਹਨ। ਸਰ, ਉਸ ਸਰਵੇ ਤੇ ਪੈਸੇ ਜਮ੍ਹਾਂ ਕਰਵਾ ਦਿਉ।

**ਮਾਣਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਹਾਂ ਜੀ, ਜਸਵੰਤ ਸਿੰਘ ਗੱਜਣਮਾਜਰਾ ਜੀ। ਤੁਸੀਂ ਬਾਵਾ ਜੀ, ਬੈਠੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੰਤਰੀ ਜੀ ਨੇ ਐਸ਼ੋਰੈਂਸ ਦਿੱਤੀ ਸੀ।

**ਮਾਣਯੋਗ ਸਪੀਕਰ:** ਤੁਸੀਂ ਐਸ਼ੋਰੈਂਸ ਕਮੇਟੀ ਵਿੱਚ ਗੱਲ ਕਰੋ। ਬਾਵਾ ਜੀ, ਪਲੀਜ਼ ਆਰਡਰ ਮੇਨਟੇਨ ਕਰੋ। ਤੁਸੀਂ ਐਸ਼ੋਰੈਂਸ ਕਮੇਟੀ ਵਿੱਚ ਗੱਲ ਕਰੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਤੁਸੀਂ ਰੈਫਰ ਕਰ ਦਿਉ ਜੀ।

**ਮਾਣਯੋਗ ਸਪੀਕਰ:** ਹੋ ਗਿਆ ਜੀ। ਇਹ ਤਾਂ ਆਟੋਮੈਟਿਕ ਚਲਾ ਜਾਂਦਾ ਹੈ। ਹਾਂ ਜੀ, ਗੱਜਣਮਾਜਰਾ ਜੀ।

-------

### ਅਹਿਮਦਗੜ੍ਹ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨਾ

***1988. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਇਹ ਠੀਕ ਹੈ ਕਿ ਅਹਿਮਦਗੜ੍ਹ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਇਹ ਪ੍ਰਬੰਧ ਕਦੋਂ ਤੱਕ ਕਰ ਲਏ ਜਾਣਗੇ?

**ਸਰਦਾਰ ਹਰਜੋਤ ਸਿੰਘ ਬੈਂਸ:** ਨਹੀਂ ਜੀ। ਅਹਿਮਦਗੜ੍ਹ ਸ਼ਹਿਰ ਵਿੱਚ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਹੈ। ਗੰਦੇ ਪਾਣੀ ਦੀ ਸੁਚੱਜੀ ਨਿਕਾਸੀ ਲਈ ਡੀਸਪੋਜ਼ਲ ਮੋਟਰਾਂ ਨਿਰੰਤਰ ਚਲਾਈਆ ਜਾ ਰਹੀਆ ਹਨ ਅਤੇ ਜਗ੍ਹਾ ਲੀਜ਼ ਤੇ ਲੈ ਕੇ ਉਸ ਵਿੱਚ ਗੰਦਾ ਪਾਣੀ ਪਾਈਆ ਜਾ ਰਿਹਾ ਹੈ, ਤਾਂ ਜੋ ਨਿਕਾਸੀ ਵਿੱਚ ਰੁਕਾਵਟ ਨਾ ਆਵੇ। ਇਸ ਤੋਂ ਇਲਾਵਾ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਵੱਲੋਂ ਸੀਵਰੇਜ ਟਰੀਟਮੈਂਟ ਪਲਾਟ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ, ਜੋ ਕਿ ਇਸ ਵੇਲੇ ਅੰਡਰ ਸਟੈਬਲਾਈਜੇਸ਼ਨ ਪ੍ਰਕਿਰਿਆ ਅਧੀਨ ਹੈ।

ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਐਮ.ਡੀ.ਐਫ. ਵਿੱਚੋਂ ਪੈਸੇ ਅਰੇਂਜ ਕਰਵਾ ਕੇ ਉਸ ਦਾ ਸੋਲਿਊਸ਼ਨ ਕਰਾਂਗੇ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਅਹਿਮਦਗੜ੍ਹ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਕਰਨ ਸਬੰਧੀ ਐਸ਼ੋਰੈਂਸ ਦਿੱਤੀ ਹੈ। ਧੰਨਵਾਦ ਜੀ।

---------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ:** ਅੱਜ Honey Dew Public School, Kharar ਦੇ ਵਿਦਿਆਰਥੀ ਅਤੇ ਅਧਿਆਪਕ ਇਸ ਅਜ਼ੀਮ ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ। ਆਉ, ਆਪਾਂ ਉਨ੍ਹਾਂ ਨੂੰ ਜੀ-ਆਇਆਂ ਕਹੀਏ। (ਥੰਪਿੰਗ)

-------

## STARRED QUESTIONS AND ANSWERS *(Resumption)*

### ਪਿੰਡ ਦੌਲਤਪੁਰ ਬਲਾਕ ਮਲੋਦ ਵਿਖੇ 11 ਏਕੜ ਪੰਚਾਇਤੀ ਜ਼ਮੀਨ ਦੀ ਬੋਲੀ ਸਬੰਧੀ ਕੀਤੀ ਕਾਰਵਾਈ ਦੇ ਵੇਰਵੇ

***1990. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪਿੰਡ ਦੌਲਤਪੁਰ ਬਲਾਕ ਮਲੋਦ ਵਿਖੇ 11 ਏਕੜ ਪੰਚਾਇਤੀ ਜਮੀਨ ਦੀ ਬੋਲੀ ਸਬੰਧਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਕਾਰਨ ਨਹੀਂ ਹੋ ਸਕੀ; ਜੇਕਰ ਅਜਿਹਾ ਹੈ ਤਾਂ ਬੋਲੀ ਨਾ ਹੋਣ ਦੇ ਕੀ ਕਾਰਨ ਸਨ ਅਤੇ ਇਸ ਕਾਰਨ ਸਰਕਾਰ ਨੂੰ ਕਿੰਨਾ ਵਿੱਤੀ ਨੁਕਸਾਨ ਹੋਇਆ ; ਵੇਰਵੇ ਸਹਿਤ ਦੱਸਿਆ ਜਾਵੇ।

(ਅ) ਕੀ ਇਸ ਮਾਮਲੇ ਲਈ ਜ਼ਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਦੀ ਪਛਾਣ ਕੀਤੀ ਗਈ ਹੈ; ਜੇਕਰ ਹਾਂ ਤਾਂ ਦੋਸ਼ੀ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕੀ ਅਨੁਸ਼ਾਸਨਾਤਮਕ ਜਾਂ ਕਾਨੂੰਨੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

(ੲ) ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ ਹਨ ਜਾਂ ਚੁੱਕੇ ਜਾਣਗੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ,

(ੳ) ਗ੍ਰਾਮ ਪੰਚਾਇਤ ਦੌਲਤਪੁਰ, ਬਲਾਕ ਮਲੌਦ ਵਿਖੇ 11 ਏਕੜ 2 ਕਨਾਲ 2 ਮਰਲੇ ਪੰਚਾਇਤੀ ਜ਼ਮੀਨ ਹੈ। ਇਹ ਬੋਲੀ 4,10,300/- ਰੁਪਏ ਵਿੱਚ ਕਰਵਾਈ ਗਈ ਸੀ, ਜਿਸ ਦੀ ਰਾਸ਼ੀ ਪੰਚਾਇਤ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਸੀ। ਇਸ ਜ਼ਮੀਨ ਦੀ ਬੋਲੀ ਕਰਵਾਉਣ ਲਈ ਗ੍ਰਾਮ ਪੰਚਾਇਤ ਦੌਲਤਪੁਰ ਵਿਖੇ ਇੱਕ ਪ੍ਰਬੰਧਕ ਨਿਯੁਕਤ ਕੀਤਾ ਗਿਆ ਹੈ। (ਝੰਡੀ A) ਬੋਲੀ ਲਈ ਮਿਤੀ 07.08.2026 ਨਿਰਧਾਰਤ ਕੀਤੀ ਗਈ ਹੈ। ਇਸ ਕਾਰਨ ਗ੍ਰਾਮ ਪੰਚਾਇਤ ਦੌਲਤਪੁਰ ਨੂੰ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ ਹੈ।

(ਅ) ਹਾਂ, ਗ੍ਰਾਮ ਪੰਚਾਇਤ ਦੌਲਤਪੁਰ ਦੇ ਸਰਪੰਚ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। (ਝੰਡੀ B), ਸਰਪੰਚ ਦੀ ਮੁਅੱਤਲੀ ਕਾਰਨ ਗ੍ਰਾਮ ਪੰਚਾਇਤ ਦੌਲਤਪੁਰ ਦੀ ਬੋਲੀ ਇੱਕ ਪ੍ਰਬੰਧਕ ਨਿਯੁਕਤ ਕਰਕੇ ਕਰਵਾਉਣੀ ਬਣਦੀ ਸੀ, ਪਰ ਉਸ ਸਮੇਂ ਦੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ਼੍ਰੀਮਤੀ ਸੁਖਜੀਤ ਕੌਰ ਨੂੰ ਕਿਸੇ ਹੋਰ ਮਾਮਲੇ ਵਿੱਚ ਮੁਅੱਤਲ ਕੀਤਾ ਗਿਆ ਹੈ, ਇਸ ਮਾਮਲੇ ਵਿੱਚ ਵਿਭਾਗ ਵੱਲੋਂ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

(ੲ) ਵਿਭਾਗ ਵੱਲੋਂ ਅਜਿਹੇ ਸਾਰੇ ਮਾਮਲਿਆਂ ਦੀ ਪ੍ਰਗਤੀ ਸਬੰਧੀ ਹਰ ਮਹੀਨੇ ਵਾਰ-ਵਾਰ ਸਮੀਖਿਆ ਕੀਤੀ ਜਾਂਦੀ ਰਹੀ ਹੈ ਅਤੇ ਹਰ ਸ਼ਾਮਲਾਤ ਜ਼ਮੀਨ ਨੂੰ ਲੀਜ਼ ਤੇ ਦੇਣ ਲਈ ਬੋਲੀ ਰਾਹੀਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਵਿਭਾਗ ਨੇ ਸਾਲ ਦਰ ਸਾਲ ਪ੍ਰਤੀ ਏਕੜ ਲੀਜ਼ ਆਮਦਨ ਵਿੱਚ 4000 ਰੁਪਏ ਦਾ ਵਾਧਾ ਕੀਤਾ ਹੈ।

**ਝੰਡੀ 'A'**

**<u>ਦਫਤਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਲੁਧਿਆਣਾ</u>**

ਨੰਬਰ..............ਮਿਤੀ............

**ਹੁਕਮ**

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲਦ ਵੱਲੋਂ ਪੱਤਰ ਨੰਬਰ 1181, ਮਿਤੀ 15.06.2026 ਰਾਹੀਂ ਕੀਤੀ ਗਈ ਹੈ ਕਿ ''ਸ਼੍ਰੀ ਇੰਦਰਜੀਤ ਸਿੰਘ, ਪੰਚਾਇਤ ਸਕੱਤਰ ਗਰਾਮ ਪੰਚਾਇਤ, ਦੌਲਤਪੁਰ ਵੱਲੋਂ ਲਿਖਤੀ ਦਿੱਤਾ ਗਿਆ ਹੈ ਕਿ ਸਰਪੰਚ ਅਤੇ ਦੋ ਪੰਚਾਂ ਨੂੰ ਆਪ ਜੀ ਦੇ ਪਿੱਠ ਅੰਕਣ ਨੰ: 2428-30 ਮਿਤੀ 15.04.2026 ਰਾਹੀਂ ਜਾਰੀ ਹੋਏ ਹੁਕਮਾਂ ਤਹਿਤ ਨੂੰ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(4) ਅਨੁਸਾਰ ਸਰਪੰਚਾਂ/ਪੰਚਾਂ ਦੇ ਅਹੁਦੇ ਤੋਂ ਮੁਅੱਤਲ ਕੀਤਾ ਗਿਆ।

ਉਕਤ ਸਬੰਧੀ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਚਾਇਤ ਸਕੱਤਰ ਦੀ ਲਿਖਤੀ ਰਿਪੋਰਟ ਅਨੁਸਾਰ ਗਰਾਮ ਪੰਚਾਇਤ, ਦੌਲਤਪੁਰ ਦੀ ਸ਼ਾਮਲਾਤ ਜ਼ਮੀਟ ਦਾ ਕੁੱਲ ਰਕਬਾ 11 ਏਕੜ 2 ਕਨਾਲ 2 ਮਰਲੇ ਵਿੱਚੋਂ 4 ਏਕੜ (ਐਸ.ਸੀ.) ਪਲਾਟ ਸਟੇਅ ਹੈ। ਬਾਕੀ ਰਹਿੰਦੀ ਸ਼ਾਮਲਾਤ ਜ਼ਮੀਨ ਦੀ ਬੋਲੀ ਕਰਵਾਉਣ ਲਈ ਇਸ ਦਫਤਰ ਦੇ ਸ਼੍ਰੀ ਜਸਪ੍ਰੀਤ ਸਿੰਘ,

ਜੇ.ਈ. ਨੂੰ ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 200 ਦੇ ਤਹਿਤ ਪ੍ਰਬੰਧਕ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।''

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੌਦ ਵੱਲੋਂ ਆਪਣੇ ਦਫਤਰ ਦੇ ਪੱਤਰ ਨੰਬਰ 1181 ਮਿਤੀ 15.06.2026 ਰਾਹੀਂ ਧਿਆਨ ਵਿੱਚ ਲਿਆਂਦਾ ਹੈ ਕਿ ਗਰਾਬ ਪੰਚਾਇਤ, ਦੌਲਤਪੁਰ ਦੀ ਸ਼ਾਮਲਾਤ ਜ਼ਮੀਨ ਦਾ ਕੁੱਲ ਰਕਬਾ 11 ਏਕੜ 2 ਕਨਾਲ 2 ਮਰਲੇ ਵਿੱਚੋਂ 4 ਏਕੜ (ਐਸ.ਸੀ.) ਪਲਾਟ ਸਟੇਅ ਹੈ। ਬਾਕੀ ਰਹਿੰਦੀ ਸ਼ਾਮਲਾਤ ਜ਼ਮੀਨ ਦੀ ਬੋਲੀ ਕਰਵਾਉਣ ਲਈ ਇਸ ਦਫਤਰ ਦੇ ਸ਼੍ਰੀ ਜਸਪ੍ਰੀਤ ਸਿੰਘ, ਜੇ.ਈ. ਨੂੰ ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 200 ਦੇ ਤਹਿਤ ਬਤੌਰ ਪ੍ਰਬੰਧਕ ਨਿਯੁਕਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਉਪਰੋਕਤ ਦੇ ਸਨਮੁੱਖ, ਮੈਂ ਦਿਲਾਵਰ ਕੌਰ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਲੁਧਿਆਣਾ ਪੰਚਾਇਤ ਰਾਜ ਐਕਟ, 1994 ਦੀ ਧਾਰਾ 200(1) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼੍ਰੀ ਜਸਪ੍ਰੀਤ ਸਿੰਘ, ਜੇ.ਈ. ਬਲਾਕ ਮਲੌਦ, ਗਰਾਮ ਪੰਚਾਇਤ ਦੌਲਤਪੁਰ ਨੂੰ ਗਰਾਮ ਪੰਚਾਇਤ, ਦੌਲਤਪੁਰ ਵਿਖੇ ਉਪਰੋਕਤ ਕੰਮਾਂ ਨੂੰ ਕਰਵਾਉਣ ਸਬੰਧੀ ਕੰਮ ਮੁਕੰਮਲ ਕਰਨ ਲਈ ਮਿਤੀ 24.08.2026 ਤੱਕ ਹੀ ਹੋਵੇਗੀ। ਵਿਸ਼ੇ ਸਬੰਧੀ ਜੇਕਰ ਕੋਈ ਕੋਰਟ ਕੇਸ ਵੀ ਮਾਣਯੋਗ ਅਦਾਲਛ ਵਿੱਚ ਪੈਂਡਿੰਗ ਹੈ ਜਾਂ ਸੁਣਵਾਈ ਅਧੀਨ ਹੈ ਤਾਂ ਮਾਣਯੋਗ ਅਦਾਲਤ ਵੱਲੋਂ ਪ੍ਰਾਪਤ ਹੋਏ ਹੁਕਮਾਂ ਦੀ ਪਾਲਣਾ ਵਿੱਚ ਇਹ ਹੁਕਮ ਤੁਰੰਤ ਰੱਦ ਸਮਝੇ ਜਾਣ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਦਿਲਾਵਰ ਕੌਰ,
ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ।

ਪਿੰ.ਅੰ.ਨੰ. 5516-19 ਮਿਤੀ 24.07.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੌਦ ਨੂੰ ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਸਬੰਧਤ ਪੰਚਾਇਤ ਸਕੱਤਰ, ਗਰਾਮ ਪੰਚਾਇਤ, ਦੌਲਤਪੁਰ ਰਾਹੀਂ ਬੀ.ਡੀ.ਪੀ.ਓ. ਮਲੌਦ
3. ਸਬੰਧਤ ਜੇ.ਈ., ਗਰਾਮ ਪੰਚਾਇਤ, ਦੌਲਤਪੁਰ ਰਾਹੀਂ ਬੀ.ਡੀ.ਪੀ.ਓ. ਮਲੌਦ
4. ਸਮੂਹ ਪੰਚਾਇਤ, ਗਰਾਮ ਪੰਚਾਇਤ ਦੌਲਤਪੁਰ, ਰਾਹੀਂ ਬੀ.ਡੀ.ਪੀ.ਓ. ਮਲੌਦ

ਦਿਲਾਵਰ ਕੌਰ,
ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ।

-------

**ਝੰਡੀ 'B'**

**<u>ਦਫਤਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਲੁਧਿਆਣਾ</u>**

ਨੰਬਰ 2427 ਮਿਤੀ 15.4.2026

**ਵਿਸ਼ਾ:-** **ਪੰਚਾਇਤੀ ਜ਼ਮੀਨ ਤੇ ਕੀਤਾ ਨਜਾਇਜ਼ ਕਬਜ਼ਾ ਹਟਾਉਣ ਬਾਰੇ ਅਤੇ ਸ਼ਾਮਲਾਤ ਜ਼ਮੀਨ ਵਿੱਚੋਂ ਡਕੈਣ ਦਰੱਖਤ ਨੂੰ ਵੱਢਣ ਬਾਰੇ ਅਤੇ ਬਿਜਲੀ ਦਾ ਮੀਟਰ ਸ਼ੈੱਡ ਵਿੱਚ ਲਗਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧਤ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮਲੌਦ ਵੱਲੋਂ ਪੱਤਰ ਨੰਬਰ 394 ਮਿਤੀ 12.02.2026 ਰਾਹੀਂ ਇਸ ਦਫਤਰ ਨੂੰ ਲਿਖਿਆ ਗਿਆ ਹੈ ਕਿ ਜਗਮੇਲ ਸਿੰਘ, ਪੰਚ ਪੁੱਤਰ ਰਾਮ ਸਿੰਘ ਵੱਲੋਂ ਸਰਪੰਚ ਗਰਾਮ ਪੰਚਾਇਤ, ਦੌਲਤਪੁਰ ਦੀ ਸ਼ਿਕਾਇਤ ਨਿਮਨਲਿਖਤ ਕੀਤੀ ਗਈ ਹੈ ਕਿ ਸਾਡੇ ਪਿੰਡ ਦੇ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਪੰਚਾਇਤੀ ਜਗ੍ਹਾ ਉੱਪਰ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਤੋਂ ਪਿਛਲੇ ਸਰਪੰਚ ਵੱਲੋਂ ਮਿਲੀਭੁਗਤ ਨਾਲ ਉਕਤ ਰਾਮਪਾਲ ਸਿੰਘ ਦੇ ਕੀਤੇ ਨਜਾਇਜ਼ ਕਬਜ਼ੇ ਵਿੱਚ ਬਿਜਲੀ ਕੁਨੈਕਸ਼ਨ ਲਗਵਾਇਆ ਗਿਆ, ਜੋ ਕਿ ਰਾਮਪਾਲ ਸਿੰਘ ਦੀ ਨੂੰਹ ਰਮਨਦੀਪ ਕੌਰ ਦੇ ਨਾਮ ਤੇ ਲੱਗਾ ਹੋਇਆ ਹੈ। ਹੁਣ ਉਕਤ ਪੰਚਾਇਤੀ ਜਗ੍ਹਾ ਤੇ ਉਕਤ ਰਾਮਪਾਲ ਸਿੰਘ ਅਤੇ ਉਸ ਦਾ ਪੁੱਤਰ ਜਗਜੀਤ ਸਿੰਘ ਸ਼ੈੱਡ ਦੀ ਉਸਾਰੀ ਕਰ ਰਹੇ ਹਨ। ਉਕਤ ਸਾਬਕਾ ਸਰਪੰਚ ਦੀ ਪਤਨੀ ਜੋ ਕਿ ਮਜੂਦਾ ਸਰਪੰਚ ਹੈ, ਉਹ ਨਜਾਇਜ਼ ਕਬਜ਼ਾ ਕਰਵਾਉਣ ਵਿੱਚ ਸ਼ਾਮਿਲ ਹੈ ਅਤੇ ਦੋ ਪੰਚ ਗੁਰਜੰਟ ਸਿੰਘ ਵਾਰਡ ਨੰਬਰ 5 ਅਤੇ ਭਿੰਦਰ ਸਿੰਘ ਵਾਰਡ ਨੰਬਰ 3 ਵੀ ਸ਼ਾਮਿਲ ਹਨ। ਨਜਾਇਜ਼ ਕਬਜ਼ੇ ਦੀਆਂ ਮੌਕਾ ਪਰ ਲਈਆਂ ਫੋਟੋਆਂ ਅਤੇ ਬਿਜਲੀ ਕੁਨੈਕਸ਼ਨ ਦੇ ਬਿੱਲ ਦੀ ਫੋਟੋ ਕਾਪੀ ਦਰਖਾਸਤ ਨਾਲ ਨੱਥੀ ਹੈ।

ਉਪਰੋਕਤ ਸ਼ਿਕਾਇਤ ਸਬੰਧੀ ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਜੀ ਦੇ ਹੁਕਮਾਂ ਮੁਤਾਬਕ ਉਪਰੋਕਤ ਸ਼ਿਕਾਇਤ ਦਾ ਪੰਚਾਇਤ ਅਫਸਰ ਵੱਲੋਂ ਗਰਾਮ ਪੰਚਾਇਤ, ਦੌਲਤਪੁਰ ਵਿਖੇ ਮਿਤੀ 21.01.2026 ਨੂੰ ਮੌਕਾ ਵੇਖਿਆ ਗਿਆ। ਮੌਕੇ ਤੇ ਪਾਇਆ ਗਿਆ ਕਿ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਪੰਚਾਇਤੀ ਜਗ੍ਹਾ ਉੱਪਰ ਸ਼ੈੱਡ ਬਣਾਉਣ ਲਈ ਪੋਲ ਆਦਿ ਗੱਡੇ ਹੋਏ ਹਨ। ਇੱਕ ਛੱਪਰ ਪਸ਼ੂ ਬੰਨ੍ਹਣ ਲਈ ਪਾਇਆ ਗਿਆ ਅਤੇ ਇੱਥੇ ਸਰਜਰੀ ਬਿਜਲੀ ਦਾ ਮੀਟਰ ਵੀ ਲੱਗਾ ਹੋਇਆ ਹੈ। ਇਹ ਰਿਪੋਰਟ ਨਿਮਨਹਸਤਾਖਰ ਨੂੰ ਦਿੱਤੀ ਗਈ।

ਇਸ ਤੋਂ ਬਾਅਦ ਨਿਮਨਹਸਤਾਖਰ ਵੱਲੋਂ ਪੱਤਰ ਨੰਬਰ 2020-23 ਮਿਤੀ 21.01.2026 ਰਾਹੀਂ ਪੱਤਰ ਸਰਪੰਚ ਗਰਾਮ ਪੰਚਾਇਤ, ਦੌਲਤਪੁਰ ਅਤੇ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਅਤੇ ਭਿੰਦਰ ਸਿੰਘ ਪੰਚ ਵਾਰਡ 3, ਗੁਰਜੰਟ ਸਿੰਘ ਵਾਰਡ ਨੰਬਰ 5 ਨੂੰ ਉਪਰੋਕਤ ਸ਼ਿਕਾਇਤ ਸਬੰਧੀ ਪੱਤਰ ਜਾਰੀ ਕਰਕੇ ਇਸ ਦਫਤਰ ਵਿਖੇ ਮਿਤੀ 22.01.2026 ਨੂੰ ਸਵੇਰੇ 10:00 ਵਜੇ ਬੁਲਾਇਆ ਗਿਆ । ਦਫਤਰ ਵਿਖੇ ਹਾਜ਼ਰ ਆਏ ਵਿਅਕਤੀਆਂ ਦੀ ਹਾਜ਼ਰੀ ਲਗਵਾਈ ਗਈ। ਉਨ੍ਹਾਂ ਵੱਲੋਂ ਦਿੱਤੇ ਗਏ ਬਿਆਨ ਨਿਮਨਲਿਖਤ ਹਨ।

01. ਮੈਂ ਭਿੰਦਰ ਸਿੰਘ ਮੌਜੂਦਾ ਪੰਚ ਗਰਾਮ ਪੰਚਾਇਤ, ਦੌਲਤਪੁਰ ਬਲਾਕ ਮਲੌਦ ਉਮਰ 70 ਸਾਲ ਧਰਮ ਨਾਲ ਬਿਆਨ ਕਰਦਾ ਹਾਂ ਕਿ ਜੋ ਸ਼ਿਕਾਇਤ ਜਗਮੇਲ ਸਿੰਘ ਪੰਚ ਵੱਲੋਂ ਨਜਾਇਜ਼ ਕਬਜ਼ਾ ਦਰੱਖਤ ਡਕੈਣ ਵੱਢਣ ਸਬੰਧੀ ਕੀਤੀ ਹੈ, ਉਸ ਵਿੱਚ ਨਿਮਨਲਿਖਤ ਬਿਆਨ ਕਰਦਾ ਹਾਂ ਕਿ ਜਿਸ ਦਿਨ ਉਹ ਨਜਾਇਜ਼ ਕਬਜ਼ਾ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਪੋਲ ਗੱਡ ਕੇ ਕੀਤਾ ਗਿਆ। ਅਸੀਂ ਉਸ ਨੂੰ ਰੋਕਿਆ । ਡਕੈਣ ਦਾ ਦਰੱਖਤ ਵੱਢਣ ਬਾਰੇ ਮੈਨੂੰ ਪਤਾ ਨਹੀਂ। ਮੇਰੇ ਕਹਿਣ ਤੇ ਪੋਲ ਗੋਡੇ ਪੁੱਟ ਲਏ। ਬਿਆਨ ਸੁਣਿਆ ਪੜ੍ਹਿਆ ਦਰੁਸਤ ਹੈ।

02. ਮੈਂ ਗੁਰਜੰਟ ਸਿੰਘ, ਪੰਚ ਗਰਾਮ ਪੰਚਾਇਤ ਦੌਲਤਪੁਰ ਬਲਾਕ ਮਲੌਦ ਧਰਮ ਨਾਲ ਬਿਆਨ ਕਰਦਾ ਹਾਂ ਕਿ ਜੋ ਸ਼ਿਕਾਇਤ ਜਗਮੇਲ ਸਿੰਘ, ਪੰਚ ਵੱਲੋਂ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਦੀ ਨਜਾਇਜ਼ ਕਬਜ਼ਾ ਕਰਕੇ ਸ਼ੈੱਡ ਬਣਾਉਣ ਦਰੱਖਤ ਵੱਢਣ ਦੀ ਕੀਤੀ ਹੈ, ਉਸ ਦੇ ਸਬੰਧ ਵਿੱਚ ਨਿਮਨਲਿਖਤ ਬਿਆਨ ਕਰਦਾ ਹਾਂ ਕਿ ਜੋ ਸ਼ੈੱਡ ਨਜਾਇਜ਼ ਤੌਰ ਤੇ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਪੋਲ ਗੱਡ ਕੇ ਬਣਵਾਇਆ ਜਾ ਰਿਹਾ ਹੈ। ਮੈਂ ਦੂਸਰੇ ਮੈਂਬਰ ਵੀ ਮੇਰੇ ਨਾਲ ਸੀ। ਮੈਨੂੰ ਦਰੱਖਤ ਵੱਢਣ ਦੀ ਕੋਈ ਪਤਾ ਨਹੀਂ, ਇਹ ਡਕੈਣ ਦਾ ਦਰੱਖਤ ਕਦੋਂ ਵੱਢਿਆ ਗਿਆ ਹੈ। ਬਿਆਨ ਪੜ੍ਹਿਆ ਸੁਣਿਆ ਸਹੀ ਅਤੇ ਦਰੁਸਤ ਹੈ।

03. ਮੈਂ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਗਰਾਮ ਪੰਚਾਇਤ ਦੌਲਤਪੁਰ ਉਮਰ 66 ਸਾਲ ਧਰਮ ਨਾਲ ਬਿਆਨ ਕਰਦਾ ਹਾਂ ਕਿ ਜੋ ਸ਼ਿਕਾਇਤ ਜਗਮੇਲ ਸਿੰਘ, ਪੰਚ ਵੱਲੋਂ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਦੀ ਨਜਾਇਜ਼ ਕਬਜ਼ਾ ਦਰੱਖਤ ਵੱਢਣ ਦੀ ਸ਼ਿਕਾਇਤ ਸਬੰਧੀ ਨਿਮਨਲਿਖਤ ਬਿਆਨ ਕਰਦਾ ਹਾਂ ਕਿ ਮੇਰਾ ਸ਼ੈੱਡ ਸ਼ਾਮਲਾਤ ਜ਼ਮੀਨ ਵਿੱਚ ਚਾਦਰਾਂ ਦਾ ਪਾਇਆ ਹੋਇਆ ਸੀ। ਹੁਣ ਅਸੀਂ ਪੋਲ ਗੱਡ ਕੇ ਨਵਾਂ ਸ਼ੈੱਡ ਪਾਉਣ ਲੱਗੇ ਸੀ। ਜੋ ਕਿ ਸਾਨੂੰ ਸਰਪੰਚ ਗਰਾਮ ਪੰਚਾਇਤ ਵੱਲੋਂ ਰੋਕ ਦਿੱਤਾ। ਮੈਂ ਜੋ ਡਕੈਣ ਦਾ ਦਰੱਖਤ ਸ਼ੈੱਡ ਬਣਾਉਣ ਵੇਲੇ ਵੱਢਿਆ ਹੈ। ਉਸ ਨੂੰ ਗਰਾਮ ਪੰਚਾਇਤ ਦੇ ਹਵਾਲੇ ਕਰ ਦਿਆਂਗੇ। ਜੋ ਸ਼ੈੱਡ ਬਾਹਰ ਹੈ, ਉਹ ਬਿਜਲੀ ਦਾ ਮੀਟਰ ਹੁਣ ਪਟਾ ਦਿੱਤਾ ਜਾਵੇਗਾ। ਉਪਰੋਕਤ ਬਿਆਨ ਪੜ੍ਹਿਆ ਸੁਣਿਆ ਸਹੀ ਅਤੇ ਦਰੁਸਤ ਹੈ।

04. ਮੈਂ ਰਮਨਜੀਤ ਕੌਰ ਪਤਨੀ ਜਗਜੀਤ ਸਿੰਘ ਪਿੰਡ ਦੌਲਤਪੁਰ ਉਮਰ 30 ਸਾਲ ਧਰਮ ਨਾਲ ਬਿਆਨ ਕਰਦੀ ਹਾਂ ਕਿ ਜੋ ਬਿਜਲੀ ਮੀਟਰ ਇਸ ਜਗ੍ਹਾ ਤੇ ਲੱਗਿਆ ਹੋਇਆ ਹੈ, ਉਸ ਨੂੰ ਤਕਰੀਬਨ 2 ਸਾਲ ਹੋ ਗਏ ਹਨ। ਇਹ ਮੀਟਰ ਦਾ ਫਾਈਲ ਪੀ.ਐਸ.ਪੀ.ਸੀ.ਐਲ. ਦੇ ਦਫਤਰ ਲੱਗੀ ਹੋਈ ਹੈ। ਬਿਆਨ ਪੜ੍ਹਿਆ ਸੁਣਿਆ ਸਹੀ ਅਤੇ ਦਰੁਸਤ ਹੈ।

05. ਮੈਂ ਜਗਮੇਲ ਸਿੰਘ ਪੰਚ ਗਰਾਮ ਪੰਚਾਇਤ ਦੌਲਤਪੁਰ ਬਲਾਕ ਮਲੌਦ ਧਰਮ ਨਾਲ ਬਿਆਨ ਕਰਦਾ ਹਾਂ ਕਿ ਮੈਂ ਵਾਰਡ ਨੰਬਰ 2 ਦਾ ਪੰਚ ਹਾਂ। ਸਾਡੇ ਪਿੰਡ ਵਿੱਚ ਮਿਤੀ 19.01.2026 ਨੂੰ ਗਰਾਮ ਪੰਚਾਇਤ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਨਜਾਇਜ਼ ਕਬਜ਼ਾ ਕਰਕੇ ਸ਼ੈੱਡ ਪਾਇਆ ਹੈ ਅਤੇ ਬਾਅਦ ਵਿੱਚ ਸ਼ਾਮਲਾਤ ਜ਼ਮੀਨ ਵਿੱਚ ਜੋ ਡਕੈਣ ਦਾ ਦਰੱਖਤ ਵੱਢ ਦਿੱਤਾ। ਜੋ ਕਿ ਆਪਣੇ ਕੋਠੇ ਉੱਪਰ ਲੱਕੜਾਂ ਸੁੱਟ ਲਈਆਂ ਅਤੇ ਸ਼ੈੱਡ ਵਿੱਚ ਜੋ ਜਗ੍ਹਾ ਪੰਚਾਇਤੀ ਹੈ, ਉਸ ਵਿੱਚ ਸਰਪੰਚ ਦੀ ਮਿਲੀਭੁਗਤ ਨਾਲ ਬਿਜਲੀ ਦਾ ਮੀਟਰ ਵੀ ਲਗਾਇਆ। ਉਸ ਸਮੇਂ ਦੇ ਮੌਜੂਦਾ ਸਰਪੰਚ ਦਾ ਪਤੀ ਸੁਖਵੀਰ ਸਿੰਘ ਸਾਬਕਾ ਸਰਪੰਚ ਸੀ। ਜਦ ਮੈਂ ਇਸ ਨਜਾਇਜ਼ ਕਬਜ਼ੇ ਨੂੰ ਰੋਕਣਾ ਚਾਹਿਆ ਤਾਂ ਇਹ ਨਹੀਂ ਰੁਕੇ। ਉਪਰੋਕਤ ਪੰਚਾਇਤੀ ਜ਼ਮੀਨ ਵਿੱਚੋਂ ਦਰੱਖਤ ਪੁੱਟਣ ਬਿਜਲੀ ਦਾ ਮੀਟਰ ਲਗਵਾਉਣ, ਨਜਾਇਜ਼ ਸ਼ੈੱਡ ਮੌਜੂਦਾ ਸਰਪੰਚ ਪਵਨਦੀਪ ਕੌਰ ਤੇ ਉਸ ਦੇ ਪਤੀ ਸਾਬਕਾ ਸਰਪੰਚ ਸੁਖਵੀਰ ਸਿੰਘ ਵੱਲੋਂ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਨੂੰ ਨਜਾਇਜ਼ ਲਾਭ ਪਹੁੰਚਾਇਆ ਹੈ। ਉਪਰੋਕਤ ਵਿਅਕਤੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਬਿਆਨ ਪੜ੍ਹਿਆ ਸੁਣਿਆ ਸਹੀ ਅਤੇ ਦਰੁਸਤ ਹੈ।

06. ਮੈਂ ਪਵਨਦੀਪ ਕੌਰ ਸਰਪੰਚ ਗਰਾਮ ਪੰਚਾਇਤ ਦੌਲਤਪੁਰ ਬਲਾਕ ਮਲੌਦ ਜ਼ਿਲ੍ਹਾ ਲੁਧਿਆਣਾ ਉਮਰ 38 ਸਾਲ ਧਰਮ ਨਾਲ ਬਿਆਨ ਕਰਦੀ ਹਾਂ ਕਿ ਜੋ ਸ਼ਿਕਾਇਤ ਜਗਮੇਲ ਸਿੰਘ ਪੰਚ ਵੱਲੋਂ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਨਜਾਇਜ਼ ਕਬਜ਼ਾ ਕਰਕੇ ਸ਼ੈੱਡ ਪੋਲ ਗੱਡ ਕੇ ਦਰੱਖਤ ਡਕੈਣ ਦਾ ਸ਼ਾਮਲਾਤ ਜ਼ਮੀਨ ਵਿੱਚੋਂ ਵੱਢਣ ਦੀ ਕੀਤੀ ਹੈ ਕਿ ਮੈਂ ਬਿਆਨ ਨਿਮਨਲਿਖਤ ਕਰਦੀ ਹਾਂ ਕਿ ਮੈਨੂੰ ਜਦ ਉਪਰੋਕਤ ਕਬਜ਼ੇ ਸਬੰਧੀ ਪਤਾ ਲੱਗਿਆ ਤਾਂ ਮੈਂ ਮੌਕੇ ਤੇ ਜਾ ਕੇ ਉਸ ਨਜਾਇਜ਼ ਕਬਜ਼ੇ ਨੂੰ ਰੋਕਿਆ। ਜੋ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਨੇ ਡਕੈਣ ਦਾ ਦਰੱਖਤ ਵੱਢਿਆ, ਉਸ ਬਾਰੇ ਮੈਨੂੰ ਪਤਾ ਨਹੀਂ ਹੈ। ਜੋ ਬਿਜਲੀ ਦੇ ਮੀਟਰ ਲਗਵਾਉਣ ਸਬੰਧੀ ਬਿਜਲੀ ਦਫਤਰ ਲਸੋਈ ਤੋਂ ਜਾਣਕਾਰੀ ਲਈ ਜਾਵੇ। ਮੈਂ ਸਪੱਸ਼ਟ ਕਰਦੀ ਹਾਂ ਕਿ ਜੋ ਸ਼ਾਮਲਾਤ ਰਿਜ਼ਰਵ ਪਲਾਟ 4 ਏਕੜ ਗਰਾਮ ਪੰਚਾਇਤ ਦੌਲਤਪੁਰ ਵੱਲੋਂ ਬੋਲੀ ਤੇ ਚਾੜ੍ਹਿਆ ਸੀ ਪਰ ਇਸ ਨੇ ਆਪਣੇ ਸਾਥੀਆਂ ਨਾਲ ਰਲ ਕੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਹ ਨਜਾਇਜ਼ ਕਬਜ਼ਾ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਜੀ ਅਤੇ ਮਾਣਯੋਗ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਮੋਹਾਲੀ ਜੀ ਦੇ ਹੁਕਮਾਂ ਤੇ ਛੁਡਵਾਇਆ ਹੈ ਤਾਂ ਹੀ ਸਾਡੀ ਝੂਠੀ ਸ਼ਿਕਾਇਤ ਕੀਤੀ ਹੈ।

07. ਮੈਂ ਇੰਦਰਜੀਤ ਸਿੰਘ ਪੰਚਾਇਤ ਸਕੱਤਰ ਚਾਰਜ ਗਰਾਮ ਪੰਚਾਇਤ ਦੌਲਤਪੁਰ ਬਲਾਕ ਮਲੌਦ ਜ਼ਿਲ੍ਹਾ ਲੁਧਿਆਣਾ ਧਰਮ ਨਾਲ ਬਿਆਨ ਕਰਦਾ ਹਾਂ ਕਿ ਜੋ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਆਪਣੀ ਸ਼ਾਮਲਾਤ ਜ਼ਮੀਨ ਵਿੱਚ ਜੋ ਨਜਾਇਜ਼ ਕਬਜ਼ਾ ਕਰਕੇ ਸ਼ੈੱਡ ਬਣਾਉਣ ਤੇ ਡਕੈਣ ਦਾ ਦਰੱਖਤ ਵੱਢਣ ਬਾਰੇ ਮੈਨੂੰ ਹੁਣ ਤੱਕ ਕੋਈ ਪਤਾ ਨਹੀਂ ਹੈ। ਨਾ ਹੀ ਮੈਂ ਇਸ ਸਬੰਧੀ ਕੋਈ ਕਾਰਵਾਈ ਕੀਤੀ ਹੈ। ਬਿਆਨ ਪੜ੍ਹਿਆ ਸੁਣਿਆ ਅਤੇ ਦਰੁਸਤ ਹੈ।

ਉਪਰੋਕਤ ਸਰਪੰਚ ਦੇ ਬਿਆਨ ਅਤੇ ਪੰਚਾਇਤ ਮੈਂਬਰਾਂ ਦੇ ਬਿਆਨ, ਪੰਚਾਇਤ ਸਕੱਤਰ ਦੇ ਬਿਆਨ ਅਤੇ ਪੰਚਾਇਤ ਅਫਸਰ ਦੀ ਮੌਕੇ ਦੀ ਰਿਪੋਰਟ ਅਨੁਸਾਰ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਖਤੌਨੀ ਨੰਬਰ 279 ਮੁਰੱਬਾ ਅਤੇ ਖਸਰਾ ਨੰਬਰ 4 ਕਨਾਲ ਸ਼ਾਮਲਾਤ ਜ਼ਮੀਨ ਵਿੱਚ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਸ਼ੈੱਡ ਬਣਾਉਣ ਦੀ ਕਾਰਵਾਈ ਕੀਤੀ ਗਈ ਅਤੇ ਮੌਕੇ ਤੇ ਬਿਜਲੀ ਦਾ ਮੀਟਰ ਵੀ ਲੱਗਿਆ ਹੋਇਆ ਹੈ ਅਤੇ ਇਸ ਜਗ੍ਹਾ ਵਿੱਚੋਂ ਇੱਕ ਦਰੱਖਤ ਵੀ ਵੱਢ ਕੇ ਉਸ ਦੀ ਲੱਕੜ ਆਪਣੇ ਕੋਠੇ ਉੱਪਰ ਛੱਤ ਤੇ ਸੁੱਟੀ ਪਾਈ ਗਈ। ਇਸ ਪੰਚਾਇਤੀ ਪ੍ਰੋਪਰਟੀ ਨੂੰ ਨੁਕਸਾਨ ਰਾਮਪਾਲ ਸਿੰਘ ਪੁੱਤਰ ਬੁੱਧ ਰਾਮ ਵੱਲੋਂ ਕੀਤਾ ਗਿਆ ਹੈ ਅਤੇ ਸਰਪੰਚ ਗਰਾਮ ਪੰਚਾਇਤ ਦੌਲਤਪੁਰ ਅਤੇ ਪੰਚਾਇਤ ਮੈਂਬਰਾਂ ਵੱਲੋਂ ਇਹ ਹੋਏ ਨਜਾਇਜ਼ ਕਬਜ਼ੇ ਅਤੇ ਦਰੱਖਤ ਵੱਢਣ ਦੇ ਖਿਲਾਫ ਕੋਈ ਵੀ ਕਾਰਵਾਈ ਵਿੱਚ ਮਤਾ ਨਹੀਂ ਪਾਇਆ ਗਿਆ ਨਾ ਹੀ ਇਸ ਦਰੱਖਤ ਵੱਢਣ, ਨਜਾਇਜ਼ ਕਬਜ਼ੇ ਅਤੇ ਬਿਜਲੀ ਦਾ ਮੀਟਰ ਲਗਵਾਉਣ ਦੇ ਵਿਰੁੱਧ ਕੋਈ ਸ਼ਿਕਾਇਤ ਸਰਪੰਚ ਗਰਾਮ ਪੰਚਾਇਤ ਦੌਲਤਪੁਰ ਵੱਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨਹੀਂ ਕੀਤੀ ਗਈ। ਜਦੋਂ ਕਿ ਸਰਪੰਚ ਗਰਾਮ ਪੰਚਾਇਤ ਅਤੇ ਪੰਚਾਂ ਦਾ ਦਰਜ ਹੈ ਕਿ ਉਹ ਪੰਚਾਇਤੀ ਪ੍ਰੋਪਰਟੀ ਦੀ ਸਾਂਭ-ਸੰਭਾਲ ਕਰਨ। ਇਸ ਕਰਕੇ ਸਰਪੰਚ ਸ੍ਰੀਮਤੀ ਪਵਨਦੀਪ ਕੌਰ, ਪੰਚ ਭਿੰਦਰ ਸਿੰਘ ਵਾਰਡ ਨੰਬਰ 3, ਪੰਚ ਗੁਰਜੰਟ ਸਿੰਘ ਵਾਰਡ ਨੰਬਰ 5 ਨੇ ਆਪਣੇ ਆਪ ਨੂੰ ਸਜ਼ਾ ਦਾ ਭਾਗੀਦਾਰ ਬਣਾ ਲਿਆ ਹੈ। ਜਦੋਂ ਕਿ ਭਿੰਦਰ ਸਿੰਘ, ਪੰਚ ਨੂੰ ਕਰੋਸ ਬਿਆਨਾਂ ਵਿੱਚ ਸਵਾਲ ਪੁੱਛਿਆ ਗਿਆ ਕਿ ਇਸ ਦਰੱਖਤ ਵੱਢਣ, ਨਜਾਇਜ਼ ਕਬਜ਼ੇ ਅਤੇ ਬਿਜਲੀ ਦਾ ਮੀਟਰ ਲਗਵਾਉਣ ਵਾਲੀ ਘਟਨਾ ਤੋਂ ਆਪ ਦਾ ਘਰ ਕਿੰਨੀ ਦੂਰ ਹੈ ਤਾਂ ਉਸ ਨੇ ਜਵਾਬ ਵਿੱਚ ਲਿਖਿਆ ਹੈ ਕਿ ਮੇਰਾ 3 ਘਰ ਛੱਡ ਕੇ ਘਰ ਉਥੇ ਹੀ ਹੈ। ਜਦੋਂ ਸਰਪੰਚ ਨੂੰ ਕਰੋਸ ਬਿਆਨਾਂ ਵਿੱਚ ਸਵਾਲ ਪੁੱਛਿਆ ਗਿਆ ਕਿ 22.01.2026 ਤੱਕ ਇਹ ਦਰੱਖਤ ਕੱਟਣ ਦੀ ਘਟਨਾ 19.01.2026 ਦੀ ਹੈ, ਤੁਸੀਂ ਇਸ ਸਬੰਧੀ ਕੋਈ ਕਾਰਵਾਈ ਵਿੱਚ ਮਤਾ ਪਾਇਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ 22.01.2026 ਤੱਕ ਗਰਾਮ ਪੰਚਾਇਤ ਦਾ ਮਤਾ ਨਹੀਂ ਪਾਇਆ। ਦੂਜੇ ਸਵਾਲ ਵਿੱਚ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਮੁੱਖ ਥਾਣਾ ਅਫਸਰ ਮਲੌਦ ਜਾਂ ਬੀ.ਡੀ.ਪੀ.ਓ. ਦਫਤਰ ਮਲੌਦ ਵਿਖੇ ਕੋਈ ਸੂਚਨਾ ਦਿੱਤੀ ਗਈ ਤਾਂ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਅਸੀਂ ਇਸ ਸਬੰਧੀ ਕੋਈ ਸੂਚਨਾ ਨਹੀਂ ਦਿੱਤੀ। ਅਸੀਂ ਇਸ ਨੂੰ ਮੂੰਹ-ਜ਼ੁਬਾਨੀ ਰੋਕ ਦਿੱਤਾ ਸੀ। ਹੁਣ ਇਨ੍ਹਾਂ ਖਿਲਾਫ ਬਣਦੀ ਕਾਰਵਾਈ ਦਰੱਖਤ ਵੱਢਣ, ਨਜਾਇਜ਼ ਕਬਜ਼ਾ ਕਰਨ ਦੀ ਕਾਰਵਾਈ ਕਰ ਦਿੱਤੀ ਜਾਵੇ।

ਉਪਰੋਕਤ ਸਾਰੇ ਲਿਖਤੀ ਬਿਆਨਾਂ ਅਤੇ ਸਬੂਤਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਦਰਖਾਸਤ ਵਿੱਚ ਲਾਏ ਗਏ ਦੋਸ਼ ਮੁਤਾਬਕ ਸਰਪੰਚ ਗਰਾਮ ਪੰਚਾਇਤ ਦੌਲਤਪੁਰ ਪਵਨਦੀਪ ਕੌਰ, ਭਿੰਦਰ ਸਿੰਘ ਪੰਚ, ਗੁਰਜੰਟ ਸਿੰਘ ਪੰਚ ਵੱਲੋਂ ਨਜਾਇਜ਼ ਕਬਜ਼ਾ ਅਤੇ ਦਰੱਖਤ ਡਕੈਣ ਵੱਢਣ ਖਿਲਾਫ ਕੋਈ ਲਿਖਤੀ ਕਾਰਵਾਈ ਨਹੀਂ ਕੀਤੀ ਗਈ, ਜੋ ਕਿ ਲੋਕ ਹਿੱਤ ਵਿੱਚ ਨਹੀਂ ਹੈ ਅਤੇ ਇਹ ਕੇਸ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20(4) ਤਹਿਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮਲੌਦ ਦੀ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਪਾਇਆ ਗਿਆ ਕਿ ਸ੍ਰੀਮਤੀ ਪਵਨਦੀਪ ਕੌਰ ਸਰਪੰਚ, ਸ੍ਰੀ ਭਿੰਦਰ ਸਿੰਘ, ਪੰਚ, ਸ੍ਰੀ ਗੁਰਜੰਟ ਸਿੰਘ, ਪੰਚ, ਗਰਾਮ ਪੰਚਾਇਤ, ਦੌਲਤਪੁਰ, ਬਲਾਕ

ਮਲੌਦ ਵੱਲੋਂ ਗਰਾਮ ਪੰਚਾਇਤ ਦੀ ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਗਰਾਮ ਪੰਚਾਇਤ ਦੇ ਰਕਬੇ ਤੋਂ ਦਰੱਖਤ ਵੱਢਣ ਤੇ ਕੋਈ ਕਾਰਵਾਈ ਕੀਤੀ ਗਈ ਹੈ। ਜਿਸ ਕਰਕੇ ਉਨ੍ਹਾਂ ਵੱਲੋਂ ਆਪਣੇ ਅਹੁਦੇ ਦਾ ਦੁਰ-ਉਪਯੋਗ ਕੀਤਾ ਗਿਆ ਹੈ। ਇਸ ਲਈ ਸ਼੍ਰੀਮਤੀ ਪਵਨਦੀਪ ਕੌਰ, ਸਰਪੰਚ, ਸ਼੍ਰੀ ਭਿੰਦਰ ਸਿੰਘ, ਪੰਚ, ਸ਼੍ਰੀ ਗੁਰਜੰਟ ਸਿੰਘ, ਪੰਚ, ਗਰਾਮ ਪੰਚਾਇਤ, ਦੌਲਤਪੁਰ, ਬਲਾਕ ਮਲੌਦ ਨੂੰ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20(4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਤੁਰੰਤ ਪ੍ਰਭਾਵ ਤੋਂ ਮੁਅੱਤਲ ਕੀਤਾ ਜਾਂਦਾ ਹੈ ਅਤੇ ਅਗਲੇਰੀ ਕਾਰਵਾਈ ਲਈ ਮਾਣਯੋਗ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਵਿਕਾਸ ਭਵਨ, ਸੈਕਟਰ-62, ਐਸ.ਏ.ਐਸ. ਨਗਰ, ਮੋਹਾਲੀ ਜੀ ਨੂੰ ਭੇਜਿਆ ਜਾਂਦਾ ਹੈ।

ਮਿਤੀ 15.04.2026

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ
ਲੁਧਿਆਣਾ।

ਪਿ.ਅੰ.ਨੰ: 2428-30 ਮਿਤੀ 15.04.2026

ਇਸ ਦਾ ਇੱਕ ਉਤਾਰਾ:-

1. ਮਾਣਯੋਗ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਵਿਕਾਸ ਭਵਨ, ਸੈਕਟਰ-62, ਐਸ.ਏ.ਐਸ. ਨਗਰ, ਮੋਹਾਲੀ ਜੀ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮਲੌਦ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
3. ਸ਼੍ਰੀਮਤੀ ਪਵਨਦੀਪ ਕੌਰ ਸਰਪੰਚ, ਸ਼੍ਰੀ ਭਿੰਦਰ ਸਿੰਘ ਪੰਚ, ਸ਼੍ਰੀ ਗੁਰਜੰਟ ਸਿੰਘ, ਪੰਚ ਗਰਾਮ ਪੰਚਾਇਤ ਦੌਲਤਪੁਰ, ਬਲਾਕ ਮਲੌਦ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ
ਲੁਧਿਆਣਾ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਮਾਣਯੋਗ ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਸਤਿਕਾਰਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਬੀ.ਡੀ.ਪੀ.ਓ. ਦਾ ਕੋਈ ਕਸੂਰ ਨਹੀਂ ਸੀ ਤਾਂ ਫਿਰ ਉਸ ਉੱਤੇ ਵਿਭਾਗੀ ਕਾਰਵਾਈ ਕਿਸ ਗੱਲ ਦੀ ਹੋ ਰਹੀ ਹੈ। ਦੂਜੀ ਗੱਲ, ਇਹ 11 ਏਕੜ ਜ਼ਮੀਨ ਹੈ, ਜੇ ਪਿਛਲੇ ਸਾਲ ਅਪ੍ਰੈਲ-ਮਈ ਵਿੱਚ ਬੋਲੀ ਹੋਈ ਸੀ ਤਾਂ ਹੁਣ ਮਿਤੀ 07.08.2026 ਤੱਕ ਬੋਲੀ ਨਾ ਕਰਵਾਉਣ ਦੇ ਜ਼ਿੰਮੇਵਾਰ ਕੌਣ ਹਨ। ਕੀ ਉਨ੍ਹਾਂ ਦੀ ਜਵਾਬਦੇਹੀ ਤਹਿ ਹੋਵੇਗੀ।

1035/Gurpreet kaur

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਆਮ ਹਾਲਾਤਾਂ ਵਿੱਚ ਵੀ ਮੰਤਰੀ ਸਾਹਿਬ ਦੱਸ ਸਕਦੇ ਹਨ ਕਿ ਕੀ ਪੰਜਾਬ ਵਿੱਚ ਅੱਜ 07 ਅਗਸਤ ਹੋ ਗਈ। ਕਿਹੜੇ ਕਿਹੜੇ ਪਿੰਡਾਂ ਦੀ ਬੋਲੀ ਹਾਲੇ ਵੀ ਪੈਂਡਿੰਗ ਹੈ। ਜੇਕਰ ਕੋਈ ਪੈਂਡਿੰਗ ਨਹੀਂ ਹੈ ਤਾਂ ਸਾਡੇ ਦੌਲਤਪੁਰ ਦੀ 11 ਏਕੜ ਦੀ ਪੈਂਡਿੰਗ ਕਿਉਂ ਹੈ। ਸਰਪੰਚ ਸਾਹਿਬ 15-04-2026 ਨੂੰ ਮੁਅੱਤਲ ਹੋਏ ਸਨ। 04 ਮਹੀਨੇ ਤੱਕ ਕਿਸੇ ਨੂੰ ਵੀ ਪ੍ਰਬੰਧਕ ਨਹੀਂ ਲਗਾਇਆ ਗਿਆ। ਇਸ ਸਬੰਧੀ ਕਿਸੇ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ? ਮੰਤਰੀ ਸਾਹਿਬ, ਵਿੱਤੀ ਨੁਕਸਾਨ ਨਾ ਹੋਣ ਦੀ ਗੱਲ ਕਰ ਰਹੇ ਹਨ। ਸਪੀਕਰ ਸਾਹਿਬ, ਆਪ ਜੀ ਵੀ ਜਾਣਦੇ ਹੋ ਕਿ ਅਪ੍ਰੈਲ ਮਹੀਨੇ ਵਿੱਚ ਬੋਲੀ ਹੁੰਦੀ ਹੈ। ਸਾਡੀ ਕਿੰਨੀ ਰਾਸ਼ੀ ਦੀ ਬੋਲੀ ਹੋਣੀ ਸੀ। ਹੁਣ ਜੀਰੀ ਲੱਗ ਗਈ ਹੈ ਅਤੇ ਇੱਕ ਫਸਲ ਲਈ ਕਿੰਨੇ ਦੀ ਬੋਲੀ ਹੋਵੇਗੀ, ਕਿੰਨਾ ਨੁਕਸਾਨ ਹੋਵੇਗਾ? ਕੀ ਇਸ ਸਬੰਧੀ ਕਿਸੇ ਦੀ ਜਵਾਬਦੇਹੀ ਤੈਅ ਹੋਵੇਗੀ। ਸੁਪਰਡੰਟ ਜਰਨੈਲ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਕੀ ਉਸ ਤੇ ਕੋਈ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਜੇਕਰ ਹੋਵੇਗੀ ਤਾਂ ਕਦੋਂ ਤੱਕ ਹੋਵੇਗੀ ਜਾਂ ਫਿਰ ਇਹ ਕਹਿ ਕੇ ਹੀ ਗੱਲ ਖਤਮ ਕਰ ਦਿੱਤੀ ਜਾਵੇਗੀ ਕਿ ਕੋਈ ਨੁਕਸਾਨ ਨਹੀਂ ਹੋਇਆ, ਸਭ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾਵੇਗਾ।

**ਮਾਣਯੋਗ ਸਪੀਕਰ**: ਵੈਸੇ ਤਾਂ ਇਹ ਕਾਫੀ ਸਾਰੇ ਸਵਾਲ ਬਣ ਗਏ ਹਨ। ਜੇਕਰ ਮੰਤਰੀ ਸਾਹਿਬ ਚਾਹੁੰਦੇ ਹਨ ਤਾਂ ਜਵਾਬ ਦੇ ਸਕਦੇ ਹਨ।

**ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਈ ਬੀ.ਡੀ.ਪੀ.ਓ. ਅਜਿਹਾ ਤਾਂ ਨਹੀਂ ਹੈ ਜੋ ਇੱਕੋ ਜਗ੍ਹਾ ਤੇ 10 ਸਾਲ ਡਿਊਟੀ ਕਰਦਾ ਰਹੇਗਾ। ਇਹ ਸਾਲ ਜਾਂ ਦੋ ਸਾਲ ਬਾਅਦ ਬਦਲ ਜਾਂਦੇ ਹਨ। ਸ਼੍ਰੀਮਤੀ ਸੁਖਜੀਤ ਕੌਰ ਦਾ ਕਿਸੇ ਹੋਰ ਹਲਕੇ ਵਿੱਚ ਕੋਈ ਕੇਸ ਚੱਲ ਰਿਹਾ ਸੀ। ਜਦੋਂ ਉਸ ਦੀ ਸਾਰੀ ਪੜਤਾਲ ਹੋਈ ਤਾਂ ਉਸ ਨੂੰ ਸਸਪੈਂਡ ਕੀਤਾ ਗਿਆ ਹੈ। ਇਨ੍ਹਾਂ ਨੂੰ ਇੱਕ ਗੱਲ ਦਾ ਜਵਾਬ ਮਿਲ ਗਿਆ। ਇਸ ਨਾਲ ਸੁਖਜੀਤ ਕੌਰ ਦਾ ਕੋਈ ਸਬੰਧ ਨਹੀਂ ਹੈ। ਉਹ ਪੁਰਾਣੇ ਕੇਸ ਵਿੱਚ ਸਸਪੈਂਡ ਹੋਈ ਹੈ। ਦੂਜੀ ਗੱਲ, ਸਾਡਾ ਵਿਭਾਗ ਸਰਕਾਰੀ ਜ਼ਮੀਨਾਂ ਦੀ 20% ਇਨਕਰੀਜ਼ ਤੇ ਬੋਲੀ ਕਰਵਾ ਕੇ ਇਸ ਸਾਲ 20% ਸਰਕਾਰੀ ਆਮਦਨ ਵਿੱਚ ਵਾਧਾ ਕਰ ਰਿਹਾ ਹੈ। ਮੈਂ ਇੱਕ ਇੱਕ ਚੀਜ਼ ਦੀ ਡਿਟੇਲ ਦੇ ਦੇਵਾਂਗਾ। ਹਰ ਸਾਲ 4000 ਰੁਪਏ ਏਕੜ ਦੇ ਹਿਸਾਬ ਨਾਲ ਸੰਨ 2022 ਵਿੱਚ ਜਦੋਂ ਟੋਟਲ ਜ਼ਮੀਨ ਚੜ੍ਹਦੀ ਸੀ, ਰਕਬਾ ਚੜ੍ਹਦਾ ਸੀ ਤਾਂ ਉਦੋਂ ਕਿੰਨੀ ਆਮਦਨ ਸੀ ਅਤੇ ਹੁਣ ਜਦੋਂ ਪੰਚਾਇਤੀ ਲੈਂਡ ਦਾ ਰਕਬਾ ਚੜ੍ਹਦਾ ਹੈ ਤਾਂ ਕਿੰਨੀ ਆਮਦਨ ਵਿੱਚ ਵਾਧਾ ਕੀਤਾ ਗਿਆ ਹੈ, ਇਸ ਸਬੰਧੀ ਅਗਲੇ ਸੈਸ਼ਨ ਵਿੱਚ ਪੂਰੀ ਡਿਟੇਲ ਦੇ ਦਿੱਤੀ ਜਾਵੇਗੀ ਕਿ ਇੰਨੇ ਪਰਸੈਂਟ ਆਮਦਨ ਪੰਜਾਬ ਸਰਕਾਰ ਨੂੰ ਜੈਨਰੇਟ ਕਰਕੇ ਦਿੱਤੀ ਗਈ ਹੈ। ਇਹ ਦੂਜੇ ਸਵਾਲ ਦਾ ਜਵਾਬ ਹੈ। ਇਨ੍ਹਾਂ ਦੇ ਦੌਲਤਪੁਰ ਪਿੰਡ ਦੀ ਪਹਿਲੀ ਵਾਰ ਬੋਲੀ ਨਹੀਂ ਹੋ ਰਹੀ ਬਲਕਿ ਅੱਗੇ ਵੀ ਹੁੰਦੀ ਹੈ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਦੌਲਤਪੁਰ ਪਿੰਡ ਦੀ ਸਮੇਂ ਰਹਿੰਦੇ ਬੋਲੀ ਕਰਵਾ ਦਿੱਤੀ ਗਈ ਸੀ ਪਰ ਇਨਕਰੀਜ਼ ਹੋਣ ਕਰਕੇ ਕਿਸੇ ਨਾ ਆ ਕੇ ਬੋਲੀ ਨਹੀਂ ਦਿੱਤੀ। ਰਸੂਖਦਾਰ

ਲੋਕ ਮੁੜ ਘਿੜ ਕੇ ਉਹੀ ਲੋਕ ਬੋਲੀ ਚੁੱਕੀ ਜਾਂਦੇ ਹਨ ਇਸ ਕਰਕੇ ਉਹ ਚੁੱਪ ਕਰਕੇ ਬੈਠੇ ਸਨ ਕਿ ਅਗਲੀ ਬੋਲੀ ਹੋਰ ਘੱਟ ਤੇ ਚੁੱਕਾਂਗੇ। 10% ਘਟਾ ਕੇ ਅਸੀਂ ਦੂਜੀ ਬੋਲੀ ਕਰਵਾਈ ਤਾਂ ਉਦੋਂ ਵੀ ਨਹੀਂ ਚੁੱਕੀ। ਇਹ ਤਾਂ ਸਭ ਕੁਝ ਰੂਲਾਂ ਦੇ ਹਿਸਾਬ ਨਾਲ ਹੀ ਚੱਲਣਾ ਹੈ। ਜਦੋਂ ਤੀਜੀ ਬੋਲੀ ਸੇਮ ਰੇਟ ਤੇ ਹੋਵੇਗੀ ਤਾਂ ਹੁਣ ਉਨ੍ਹਾਂ ਨੇ ਚੁੱਕ ਲੈਣੀ ਹੈ। ਅੱਜ ਬੋਲੀ ਹੋ ਰਹੀ ਹੈ ਅਤੇ ਇੱਧਰ ਸਦਨ ਚੱਲ ਰਿਹਾ ਹੈ। ਅੱਜ ਦੌਲਤਪੁਰ ਦੀ ਜ਼ਮੀਨ ਬੋਲੀ ਤੇ ਚਲੀ ਜਾਵੇਗੀ। ਇਸ ਕੇਸ ਵਿੱਚ ਸਾਡੀ ਇੰਟੈਂਸ਼ਨ 20% ਵਾਧਾ ਲੈਣਾ ਸੀ। ਅਸੀਂ 20% ਦੇ ਵਾਧੇ ਦੇ ਹਿਸਾਬ ਨਾਲ ਬੋਲੀ ਕਰਵਾਈ ਸੀ। ਅੱਜ ਤੀਜੀ ਬੋਲੀ ਜਿਸ ਰੇਟ ਤੇ ਵੀ ਚੜ੍ਹੇਗੀ ਇਸ ਸਬੰਧੀ ਮਾਣਯੋਗ ਮੈਂਬਰ ਸਾਹਿਬ ਨੂੰ ਪਤਾ ਲੱਗ ਜਾਵੇਗਾ। ਜੇਕਰ ਇਸ ਕੇਸ ਵਿੱਚ ਮੈਂਬਰ ਸਾਹਿਬ ਦੀ ਕੋਈ ਕੁਐਰੀ ਹੋਈ ਤਾਂ ਮੈਨੂੰ ਪਰਸਨਲੀ ਤੌਰ ਤੇ ਮਿਲ ਲੈਣ। ਮੈਂ ਇਨ੍ਹਾਂ ਦੀ ਇਕੱਲੀ ਇਕੱਲੀ ਗੱਲ ਦਾ ਲਿਖਤੀ ਤੌਰ ਤੇ ਵੇਰਵੇ ਸਹਿਤ ਜਵਾਬ ਦੇਵਾਂਗਾ। ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸਰ, ਇਹ ਵਧੀਆ ਗੱਲ ਹੈ ਕਿ ਮਾਣਯੋਗ ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਪੰਜਾਬ ਵਿੱਚ ਬੋਲੀਆਂ ਪਲੱਸ ਚੜ੍ਹ ਰਹੀਆਂ ਹਨ ਅਤੇ ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਪ੍ਰਸ਼ਨਾਂ ਦਾ ਜਵਾਬ ਦਿੱਤਾ। ਮੈਂ ਸਿਰਫ ਇੱਥੇ ਦੌਲਤਪੁਰ ਦੀ ਗੱਲ ਕਰ ਰਿਹਾ ਹਾਂ। ਜੇਕਰ ਇਸ ਸਾਲ ਮੰਤਰੀ ਸਾਹਿਬ ਇੱਕ ਵੀ ਬੋਲੀ ਸਾਬਿਤ ਕਰ ਦੇਣ ਤਾਂ ਮੈਂ ਆਪਣੀ ਐਮ.ਐਲ.ਏ-ਸ਼ਿਪ ਤੋਂ ਅਸਤੀਫਾ ਦੇ ਦੇਵਾਂਗਾ। ਮੰਤਰੀ ਸਾਹਿਬ ਇੱਕ ਵੀ ਬੋਲੀ ਸਾਬਿਤ ਕਰ ਦੇਣ। ਮੈਂ ਇਸ ਸਦਨ ਵਿੱਚ ਬਹੁਤ ਜ਼ਿੰਮੇਵਾਰੀ ਨਾਲ ਜਵਾਬ ਦਿੱਤਾ ਹੈ। ਕੀ ਮੰਤਰੀ ਸਾਹਿਬ ਇਸ ਗੱਲ ਤੇ ਆਉਣਗੇ ਅਤੇ ਮੈਨੂੰ ਉੱਥੇ ਲਿਜਾ ਕੇ ਦੱਸਣਗੇ ਕਿ ਇਨ੍ਹਾਂ ਨੇ ਕਦੋਂ ਉੱਥੇ ਬੋਲੀ ਕਰਵਾਈ। ਇਹ ਸਦਨ ਸਿਰਫ ਝੂਠ ਬੋਲਣ ਦਾ ਅੱਡਾ ਨਹੀਂ ਹੈ। ਇੱਥੇ ਕਿਰਪਾ ਕਰਕੇ ਸੱਚ ਬੋਲਿਆ ਜਾਵੇ। ਧੰਨਵਾਦ ਜੀ।

---------

## ਕੇਂਦਰ ਸਰਕਾਰ ਵੱਲੋਂ UIDF ਗ੍ਰਾਂਟ ਅਧੀਨ ਮਨਜ਼ੂਰ ਕੀਤਾ ਹਿੱਸਾ ਸਥਾਨਕ ਸਰਕਾਰ ਵੱਲੋਂ ਜਾਰੀ ਕਰਨਾ

***1914. ਸ੍ਰੀ ਸੰਦੀਪ ਜਾਖੜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੇਦਰ ਸਰਕਾਰ ਵੱਵੋ UIDF ਗ੍ਰਾਂਟ ਅਧੀਨ ਮਨਜ਼ੂਰ ਕੀਤੇ ਗਏ ਡਿਸਪੋਜ਼ਲ ਤੋਂ ਡਰੇਨ ਤੱਕ ਰਾਈਜ਼ਿੰਗ ਮੇਨ ਵਿਛਾਉਣ/ ਉਸਾਰੀ ਦੇ ਕੰਮ ਲਈ ਲੋੜੀਂਦੇ 15% ਅਰਥਾਤ 675 ਲੱਖ ਰੁਪਏ ਦਾ ਬਣਦਾ ਹਿੱਸਾ ਸਥਾਨਕ ਸਰਕਾਰ ਵੱਲੋ ਕਦੋਂ ਤੱਕ ਜਾਰੀ ਕੀਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ**: ਅਬੋਹਰ ਸ਼ਹਿਰ ਵਿੱਚ ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ ਅਧੀਨ 45.26 ਕਰੋੜ ਰੁਪਏ ਦੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਪ੍ਰਵਾਨ ਕੀਤੀ ਗਈ ਹੈ, ਜੋ ਕਿ STP ਤੋਂ ਸ਼ੋਧਿਤ ਪਾਣੀ ਦੇ ਨਿਪਟਾਰੇ ਲਈ ਡਰੇਨ ਤੱਕ ਰਾਈਜ਼ਿੰਗ ਮੇਨ ਵਿਛਾਉਣ ਵਾਸਤੇ ਹੈ। ਇਸ ਰਾਸ਼ੀ ਵਿੱਚੋਂ, 85% ਹਿੱਸਾ ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ ਅਧੀਨ ਪ੍ਰਾਪਤ ਹੋਣਾ ਹੈ ਅਤੇ ਬਾਕੀ ਬਚਦਾ 15% ਹਿੱਸਾ, ਭਾਵ 6.75 ਕਰੋੜ

ਰੁਪਏ, ਨਗਰ ਨਿਗਮ ਵੱਲੋਂ ਮੁਹੱਈਆ ਕਰਵਾਇਆ ਜਾਣਾ ਹੈ। ਨਗਰ ਨਿਗਮ, ਅਬੋਹਰ ਨੇ 2.00 ਕਰੋੜ ਰੁਪਏ ਪੇਸ਼ਗੀ ਯੋਗਦਾਨ ਵਜੋਂ ਮੁਹੱਈਆ ਕਰਵਾ ਦਿੱਤੇ ਹਨ। ਇਸ ਕੰਮ ਲਈ ਟੈਂਡਰ ਜਾਰੀ ਕੀਤਾ ਗਿਆ ਹੈ, ਜੋ ਕਿ 13.08.2026 ਨੂੰ ਖੋਲ੍ਹਿਆ ਜਾਵੇਗਾ। ਇਹ ਕੰਮ ਅਲਾਟਮੈਂਟ ਤੋਂ ਬਾਅਦ ਇੱਕ ਸਾਲ ਦੇ ਅੰਦਰ ਪੂਰਾ ਕੀਤਾ ਜਾਵੇਗਾ।

**ਸ੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਹਰਜੋਤ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਟੈਂਡਰ ਫਲੋਟ ਕਰ ਚੁੱਕੇ ਹੋ। 13-08-2026 ਨੂੰ ਰਾਈਜ਼ਿੰਗ ਮੇਨ ਦਾ ਟੈਂਡਰ ਖੁੱਲ੍ਹ ਜਾਵੇਗਾ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਰਾਈਜ਼ਿੰਗ ਮੇਨ ਹੈ, ਉਹ ਬਿਲਕੁਲ ਕਲੈਪਸ ਕਰ ਚੁੱਕੀ ਹੈ।

**1040/Kuldeep kaur**

ਸ਼ਹਿਰ ਡੁੱਬਣ ਦੀ ਕਗਾਰ ਤੇ ਹੈ, ਸੀਵਰੇਜ ਸਿਸਟਮ ਬੈਕ ਮਾਰੀ ਜਾਂਦਾ ਹੈ ਅਤੇ ਇਸ ਦੇ ਨਾਲ ਮੇਰੇ ਹਲਕੇ ਦਾ ਫੋਕਲ ਪੁਆਇੰਟ, ਪਿੰਡ ਸ਼ਹੀਦਾਂ ਵਾਲਾ ਅਤੇ ਚਿਰਾਗ ਢਾਣੀ ਅਤੇ ਕਿਲਿਆਂਵਾਲੀ ਤੱਕ people are suffering. ਸੋ, ਪਲੀਜ਼ ਮਾਨੀਟਰ ਕੀਤਾ ਜਾਵੇ ਤਾਂ ਜੋ ਕੋਈ ਦਿੱਕਤ ਪੇਸ਼ ਨਾ ਆਵੇ। ਜਦੋਂ ਟੈਂਡਰ ਦੀ ਡੇਟ ਆ ਜਾਵੇ if there is an issue ਕਿਉਂਕਿ ਦੋ ਕਰੋੜ ਰੁਪਿਆ ਕਾਰਪੋਰੇਸ਼ਨ has arranged for it. ਉਹ ਪੇਅ ਕਰ ਚੁੱਕੇ ਹਨ ਅਤੇ ਢਾਈ ਕਰੋੜ ਰੁਪਏ ਦਾ ਉਨ੍ਹਾਂ ਨੇ ਹੋਰ ਬੰਦੋਬਸਤ ਕਰ ਲਿਆ ਹੈ। ਜੇ ਹੋਰ ਕੋਈ ਸ਼ਾਰਟਫਾਲ ਹੈ ਤਾਂ ਉਸ ਨੂੰ ਵੀ ਮਾਨੀਟਰ ਕੀਤਾ ਜਾਵੇ। Sir, it is a very critical situation ਅਤੇ ਮੈਂ ਮੰਤਰੀ ਸਾਹਿਬ ਨੂੰ ਕੁਝ ਦਿਨ ਪਹਿਲਾਂ ਵੀ ਰਿਕੁਐਸਟ ਕੀਤਾ ਸੀ ਅਤੇ ਇਨ੍ਹਾਂ ਨੇ ਪੂਰਾ ਕੋਆਪਰੇਟ ਕੀਤਾ ਸੀ। ਧੰਨਵਾਦ, ਸਪੀਕਰ ਸਾਹਿਬ।

**ਮੰਤਰੀ:** ਸਰ, ਮਾਣਯੋਗ ਵਿਧਾਇਕ ਸਾਹਿਬ ਨੇ ਅਬੋਹਰ ਸ਼ਹਿਰ ਦੇ ਸੀਵਰੇਜ ਦੀ ਰਾਈਜਿੰਗ ਮੇਨ ਦੇ ਇੱਕ ਬਹੁਤ ਕ੍ਰੀਟਿਕਲ ਇਸ਼ੂ ਬਾਰੇ ਗੱਲ ਕੀਤੀ ਹੈ। ਮਾਣਯੋਗ ਮੈਂਬਰ ਸਾਹਿਬ ਨੇ ਪਰਸਨਲੀ ਵੀ ਮੇਰੇ ਨਾਲ ਦੋ ਤੋਂ ਤਿੰਨ ਵਾਰ ਇਸ ਇਸ਼ੂ ਬਾਰੇ ਗੱਲ ਕੀਤੀ ਹੈ। ਸਰ, ਇਸ ਦੇ ਵਿੱਚ ਟੈਂਡਰ ਲੱਗ ਚੁੱਕਿਆ ਹੈ ਅਤੇ ਦੋ ਕਰੋੜ ਰੁਪਿਆ ਮਿਉਂਸਿਪਲ ਕਾਰਪੋਰੇਸ਼ਨ ਅਬੋਹਰ ਵੱਲੋਂ ਜਾਰੀ ਹੋ ਗਿਆ ਹੈ। ਉਨ੍ਹਾਂ ਕੋਲ ਹੋਰ ਪੈਸੇ ਵੀ ਹਨ। ਜੋ ਕੁਝ ਵੀ ਸ਼ਾਰਟਫਾਲ ਆਵੇਗਾ ਚਾਹੇ ਅਸੀਂ ਜਿੱਥੋਂ ਮਰਜ਼ੀ ਫੰਡ ਅਰੇਂਜ ਕਰੀਏ we will get it arranged. 13 ਅਗਸਤ ਨੂੰ ਇਸ ਦਾ ਟੈਂਡਰ ਖੁੱਲ੍ਹ ਰਿਹਾ ਹੈ, ਮੇਰੀ ਤੁਹਾਨੂੰ ਇਹ ਰਿਕੁਐਸਟ ਹੈ ਕਿ ਜੇਕਰ ਲੋਕਲ ਲੈਵਲ ਤੇ ਕੋਈ ਇਸ਼ੂਜ ਹੋਣ ਤਾਂ ਮੇਰੇ ਧਿਆਨ ਵਿੱਚ ਲਿਆ ਦਿੱਤੇ ਜਾਣ। If anything at my level is needed, I am always available. ਸਰ, ਅਸੀਂ ਇਸ ਕੰਮ ਨੂੰ ਕਰਵਾ ਕੇ ਦੇਵਾਂਗੇ, ਅਗਰ ਪੈਸੇ ਦਾ ਕੋਈ ਸ਼ਾਰਟਫਾਲ ਹੋਇਆ ਤਾਂ ਕਿ ਸਾਡਾ 50 ਕਰੋੜ ਰੁਪਿਆ waste ਨਾ ਜਾਵੇ ਅਤੇ ਸ਼ਹਿਰ ਦਾ ਭਲਾ ਹੋ ਸਕੇ। We will arrange.

**ਮਾਣਯੋਗ ਸਪੀਕਰ:** ਧੰਨਵਾਦ ਜੀ।

-------

## ਸੀ.ਐਚ.ਸੀ. ਦੀ ਬਿਲਡਿੰਗ ਨੂੰ ਨਵੇਂ ਸਿਰੇ ਤੋਂ ਉਸਾਰਨਾ

***1874. ਸਰਦਾਰ ਕਰਮਬੀਰ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦਾ C.H.C. ਮੰਡ ਪੰਧੇਰ ਸਰਕਾਰੀ ਹਸਪਤਾਲ ਜਿਸਨੂੰ ਕਰੀਬ 50 ਪਿੰਡ ਲੱਗਦੇ ਹਨ, ਬਹੁਤ ਪੁਰਾਣਾ ਬਣਿਆ ਹੋਇਆ ਹੈ ਅਤੇ ਇਸ ਦੀ ਬਿਲਡਿੰਗ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਨਾਲ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਹਸਪਤਾਲ ਦੀ ਬਿਲਡਿੰਗ ਨੂੰ ਨਵਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਹਾਂ ਜੀ, ਸੀ.ਐਚ.ਸੀ. ਮੰਡ ਪੰਧੇਰ ਦੀ ਬਿੰਲਡਿਗ ਦੀ ਮੁਰੰਮਤ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਸੀ.ਐਚ.ਸੀ. ਮੰਡ ਪੰਧੇਰ ਵਿਖੇ ਸਾਲ 2000 ਵਿੱਚ ਲਗਭਗ 1800 ਸਕੇਅਰ ਫੁੱਟ ਰਕਬੇ ਵਿੱਚ ਡਿਲੀਵਰੀ ਅਤੇ ਉਪਰੇਸ਼ਨ ਥੀਏਟਰ (ਓ.ਟੀ.) ਦੀ ਉਸਾਰੀ ਕੀਤੀ ਗਈ ਸੀ, ਜੋ ਕਿ ਠੀਕ ਹਾਲਤ ਵਿੱਚ ਹੈ। ਇਸ ਤੋਂ ਇਲਾਵਾ ਸੀ.ਐਚ.ਸੀ. ਮੰਡ ਪੰਧੇਰ ਵਿਖੇ ਸਾਲ 2025-26 ਵਿੱਚ ਲੋਕ ਨਿਰਮਾਣ ਵਿਭਾਗ ਵੱਲੋਂ ਲਗਭਗ 1000 ਸਕੇਅਰ ਫੁੱਟ ਰਕਬੇ ਵਿੱਚ ਬਲਾਕ ਪ੍ਰਾਇਮਰੀ ਹੈਲਥ ਯੂਨਿਟ (BPHU) ਦੀ ਉਸਾਰੀ ਕੀਤੀ ਗਈ ਹੈ। ਸੀ.ਐਚ.ਸੀ. ਮੰਡ ਪੰਧੇਰ ਦੀ ਰਿਪੇਅਰ/ਨਵੀਨੀਕਰਨ ਕਰਨ ਲਈ ਕਾਰਜਕਾਰੀ ਇੰਜੀਨੀਅਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਜਲੰਧਰ ਵੱਲੋਂ ਰਫ ਕਾਸਟ ਐਸਟੀਮੇਂਟ ਤਿਆਰ ਕੀਤਾ ਜਾ ਰਿਹਾ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਜਲੰਧਰ ਵੱਲੋਂ ਰਫ ਕਾਸਟ ਐਸਟੀਮੇਂਟ ਤਿਆਰ ਹੋਣ ਉਪਰੰਤ ਮੁਕੰਮਲ ਤਜਵੀਜ ਸਰਕਾਰ ਨੂੰ ਪ੍ਰਸ਼ਾਸਕੀ ਅਤੇ ਵਿੱਤੀ ਪ੍ਰਵਾਨਗੀ ਜਾਰੀ ਕਰਨ ਲਈ ਭੇਜ ਦਿੱਤੀ ਜਾਵੇਗੀ।

**ਸਰਦਾਰ ਕਰਮਬੀਰ ਸਿੰਘ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮੰਡ ਪੰਧੇਰ ਹਸਪਤਾਲ ਦੀ ਬਿਲਡਿੰਗ ਸਬੰਧੀ ਕਾਰਜਕਾਰੀ ਇੰਜੀਨੀਅਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਜਲੰਧਰ ਵੱਲੋਂ ਰਫ ਕਾਸਟ ਐਸਟੀਮੇਂਟ ਤਿਆਰ ਹੋਣ ਉਪਰੰਤ ਮੁਕੰਮਲ ਤਜਵੀਜ ਸਰਕਾਰ ਨੂੰ ਪ੍ਰਸ਼ਾਸਕੀ ਅਤੇ ਵਿੱਤੀ ਪ੍ਰਵਾਨਗੀ ਜਾਰੀ ਕਰਨ ਲਈ ਭੇਜ ਦਿੱਤੀ ਜਾਵੇਗੀ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਐਸਟੀਮੇਟ ਕਦੋਂ ਤੱਕ ਪਾਸ ਹੋ ਜਾਵੇਗਾ।

**ਮੰਤਰੀ:** ਇਨ੍ਹਾਂ ਦਾ ਸਵਾਲ ਸੀ ਕਿ ਸੀ.ਐਚ.ਸੀ. ਮੰਡ ਪੰਧੇਰ ਦੀ ਅਪਗ੍ਰੇਡੇਸ਼ਨ ਅਤੇ ਨਵੀਨੀਕਰਨ ਨਾਲ ਸਬੰਧਿਤ ਸੀ। ਡਿਪਾਰਟਮੈਂਟ ਵੱਲੋਂ ਕਾਰਜਕਾਰੀ ਇੰਜੀਨੀਅਰ ਨੂੰ ਐਸਟੀਮੇਟ ਤਿਆਰ ਕਰਨ ਲਈ ਕਿਹਾ ਗਿਆ ਹੈ ਅਤੇ ਜੇਕਰ ਅਸੀਂ ਐਸਟੀਮੇਟ ਦੀ ਤਿਆਰੀ ਦੀ ਅਤੇ ਐਡਮਿਨ ਅਪਰੂਵਲ ਅਤੇ ਫਾਈਨਾਂਸ਼ੀਅਲ ਅਪਰੂਵਲ ਦੀ ਗੱਲ ਕਰ ਲਈਏ ਤਾਂ ਲਗਭਗ ਦੋ ਮਹੀਨੇ ਦੇ ਅੰਦਰ ਅੰਦਰ ਅਸੀਂ ਕੰਮ ਕਰਵਾ ਕੇ ਇਸ ਕੰਮ ਦਾ ਟੈਂਡਰ ਸ਼ੁਰੂ ਕਰਵਾ ਦੇਵਾਂਗੇ।

**ਸਰਦਾਰ ਕਰਮਬੀਰ ਸਿੰਘ:** ਧੰਨਵਾਦ ਜੀ।

-------

## ਮੱਖੂ ਵਿਖੇ ਬਣਨ ਵਾਲੇ ਰੇਲਵੇ ਓਵਰ ਬ੍ਰਿਜ ਦਾ ਕੰਮ ਮੁਕੰਮਲ ਕਰਨਾ

***1982. ਸ਼੍ਰੀ ਨਰੇਸ਼ ਕਟਾਰੀਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੈਸ਼ਨਲ ਹਾਈਵੇ 54 ਤੇ ਹਲਕਾ ਜ਼ੀਰਾ ਦੇ ਕਸਬਾ ਮੱਖੂ ਵਿਖੇ ਬਣਨ ਵਾਲੇ ਰੇਲਵੇ ਓਵਰ ਬ੍ਰਿਜ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਸਰਦਾਰ ਹਰਭਜਨ ਸਿੰਘ:** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਅਹਿਮ ਸਵਾਲ ਕੀਤਾ ਹੈ ਔਰ ਇਹ ਜ਼ੀਰੇ ਹਲਕੇ ਦਾ ਇੱਕ dream project ਹੈ। ਮੈਂਬਰ ਸਾਹਿਬ, ਇਸ ਸਬੰਧ ਵਿੱਚ ਪਹਿਲਾਂ ਵੀ ਸਵਾਲ ਕਰ ਚੁੱਕੇ ਹਨ। ਇਹ ਪ੍ਰੋਜੈਕਟ ਦਾ ਨਿਰਮਾਣ ਕਾਰਜ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI), ਪ੍ਰਾਜੈਕਟ ਇੰਮਪਲੀਮੈਨਟੇਸ਼ਨ ਯੂਨਿਟ (PIU), ਬਠਿੰਡਾ ਵੱਲੋਂ ਕਰਵਾਇਆ ਜਾ ਰਿਹਾ ਹੈ। ਉਹਨਾਂ ਵਲੋਂ ਪ੍ਰਾਪਤ ਰਿਪੋਰਟ ਅਨੁਸਾਰ ਹਲਕਾ ਜ਼ੀਰਾ ਦੇ ਕਸਬਾ ਮੱਖੂ ਵਿਖੇ ਬਣ ਰਹੇ ਰੇਲਵੇ ਓਵਰ ਬਿਜ ਕੰਮ ਪ੍ਰਗਤੀ ਅਧੀਨ ਹੈ, ਜਿਸਦਾ ਕੰਮ 36.51% ਮੁਕੰਮਲ ਹੋ ਚੁੱਕਾ ਹੈ। NHAI ਤੋਂ ਪ੍ਰਾਪਤ ਸੂਚਨਾ ਮੁਤਾਬਿਕ ਇਸ ਕੰਮ ਨੂੰ 28-07-2027 ਤੱਕ ਮੁਕੰਮਲ ਹੋਣ ਦੀ ਉਮੀਦ ਹੈ।

**ਸ਼੍ਰੀ ਨਰੇਸ਼ ਕਟਾਰੀਆ**: ਮਾਣਯੋਗ ਸਪੀਕਰ ਸਾਹਿਬ ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਜਦੋਂ ਵੀ ਕੋਈ ਓਵਰ ਬਰਿੱਜ ਬਣਦਾ ਹੈ ਤਾਂ ਉੱਥੇ ਦੁਕਾਨਾਂ ਦੇ ਅੱਗੇ ਮੈਂ ਕਿਤੇ ਵੀ ਕੰਧ ਨਹੀਂ ਵੇਖੀ। ਸਾਡੇ ਮੱਖੂ ਜਿੰਨੀਆਂ ਵੀ ਦੁਕਾਨਾਂ ਹਨ, ਉਨ੍ਹਾਂ ਦੇ ਅੱਗੇ ਕੰਧ ਕੀਤੀ ਗਈ ਹੈ। ਮੇਰੀ ਬੇਨਤੀ ਹੈ ਕਿ ਉਹ ਕੰਧ ਹਟਾਈ ਜਾਵੇ। ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮਾਣਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਸ ਕੰਮ ਨੂੰ 28.07.2027 ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਮੇਰੀ ਬੇਨਤੀ ਹੈ ਕਿ ਇਸ ਕੰਮ ਦੇ ਕੰਪਲੀਟ ਹੋਣ ਦਾ ਪੱਕਾ ਸਮਾਂ ਨਿਰਧਾਰਿਤ ਕੀਤਾ ਜਾਵੇ ਅਤੇ ਉਸ ਕੰਧ ਬਾਰੇ ਵੀ ਦੱਸਿਆ ਜਾਵੇ ਕਿ ਕੰਧ ਹਟਾਈ ਜਾਵੇਗੀ ਜਾਂ ਨਹੀਂ?

**ਮਾਣਯੋਗ ਸਪੀਕਰ**: ਮੰਤਰੀ ਜੀ, ਇਹ ਬਹੁਤ ਮਸਲਾ ਬਹੁਤ ਦੇਰ ਤੋਂ ਲੰਬਿਤ ਹੈ। ਇਸ ਦੇ ਵਾਸਤੇ ਜੇ ਕੋਈ ਆਪਣੇ ਕਿਸੇ ਅਧਿਕਾਰੀ ਵੱਲੋਂ ਅਣਗਹਿਲੀ ਹੋਈ ਹੈ ਤਾਂ ਉਸ ਦੀ ਜ਼ਿੰਮੇਵਾਰੀ ਵੀ ਫਿਕਸ ਹੋਣੀ ਚਾਹੀਦੀ ਹੈ। ਦੁਕਾਨਾਂ ਦੇ ਅੱਗੇ ਕੰਧ ਵਾਲਾ ਕੰਮ ਤਾਂ ਮੈਨੂੰ ਵੀ ਠੀਕ ਨਹੀਂ ਲੱਗਿਆ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਦੋਂ ਇਸ ਦਾ ਪੂਰਾ ਡਿਜ਼ਾਇਨ ਤਿਆਰ ਕੀਤਾ ਗਿਆ ਸੀ ਤਾਂ ਮੈਂ ਮਾਣਯੋਗ ਐਮ.ਐਲ.ਏ. ਸਾਹਿਬ ਨਾਲ ਪੀ.ਡਬਲਿਊ.ਡੀ. ਦੇ ਅਧਿਕਾਰੀ ਭੇਜੇ ਸਨ। ਇਨ੍ਹਾਂ ਨੇ ਉੱਥੇ ਜਾ ਕੇ ਅਧਿਕਾਰੀਆਂ ਦੇ ਨਾਲ ਬੈਠ ਕੇ ਵਿਚਾਰ ਵਟਾਂਦਰਾ ਕੀਤਾ ਸੀ। ਜੇ ਹੁਣ ਕੰਧ ਬਣਨ ਤੋਂ ਬਾਅਦ ਕੋਈ ਮੁਸ਼ਕਲ ਆਈ ਹੈ ਤਾਂ ਇਸ ਨੂੰ ਦੁਬਾਰਾ ਰੀਵਿਊ ਕਰਵਾ ਲੈਂਦੇ ਹਾਂ। ਦੂਸਰੀ ਗੱਲ, ਇਨ੍ਹਾਂ ਨੇ ਕਿਹਾ ਹੈ ਕਿ ਕੰਮ ਕੰਪਲੀਟ ਹੋਣ ਦੀ ਉਮੀਦ ਜਤਾਈ ਹੈ। ਮੈਂ ਇਨ੍ਹਾਂ ਨੂੰ ਐਸ਼ੋਰੈਂਸ ਦੇ ਦਿੰਦਾ ਹਾਂ ਕਿ ਅਸੀਂ ਜੁਲਾਈ, 2027 ਦੇ ਅੰਤ ਤੱਕ ਇਹ ਕੰਮ ਕੰਪਲੀਟ ਕਰਵਾ ਦੇਵਾਂਗੇ।

**ਸ਼੍ਰੀ ਨਰੇਸ਼ ਕਟਾਰੀਆ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਜਦੋਂ ਮੈਂ ਦੂਜੀ ਵਾਰ ਸਵਾਲ ਲਗਾਇਆ ਤਾਂ ਉਸ ਤੋਂ ਹਫਤੇ ਬਾਅਦ ਇਨ੍ਹਾਂ ਨੇ ਕੰਮ ਸ਼ੁਰੂ ਕਰਵਾ ਦਿੱਤਾ ਸੀ ਪਰ ਇਹ ਕੰਧ ਵਾਲਾ ਮਸਲਾ ਬਹੁਤ ਵੱਡਾ ਮਸਲਾ ਹੈ। ਸਾਰੇ ਦੁਕਾਨਦਾਰਾਂ ਨੂੰ ਬਹੁਤ ਤਕਲੀਫ ਹੈ। ਘੱਟੋ-ਘੱਟ 150 ਤੋਂ ਉੱਪਰ ਦੁਕਾਨਾਂ ਹਨ, ਜਿਨ੍ਹਾਂ ਦੇ ਅੱਗੇ ਕੰਧ ਕੀਤੀ ਗਈ ਹੈ। ਇਸ ਦਾ ਜਿਹੜਾ ਕੰਮ ਚੱਲ ਰਿਹਾ ਹੈ, ਉਹ ਵੀ slow ਹੈ। ਮੇਰੀ ਬੇਨਤੀ ਹੈ ਕਿ ਇਸ ਦੀ ਸਪੀਡ ਵਧਾਈ ਜਾਵੇ।

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਤੋਂ ਕੁਝ ਮੈਂਬਰ ਆਪਸ ਵਿੱਚ ਉੱਚੀ ਉੱਚੀ ਗੱਲਬਾਤ ਕਰ ਰਹੇ ਸਨ।)

**1045/Pawan sharma**

## RULING BY THE HON'BLE SPEAKER

**ਮਾਣਯੋਗ ਸਪੀਕਰ**: ਮੈਂ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਗੱਲਾਂ ਕਰਨੀਆਂ ਹਨ ਤਾਂ ਪਿੱਛੇ ਕਮਰਾ ਬਣਿਆ ਹੋਇਆ ਹੈ, ਉੱਥੇ ਆਪਾਂ ਗੱਲਾਂ ਕਰ ਲਈਏ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ)**: ਸਾਡੀ ਗੱਲ ਤਾਂ ਸੁਣਦੇ ਹੀ ਨਹੀਂ, ਸਵਾਲ ਤਾਂ ਪੁੱਛਣ ਨਹੀਂ ਦਿੰਦੇ।

**ਮਾਣਯੋਗ ਸਪੀਕਰ**: ਫਿਰ, ਉੱਥੇ ਪਿੱਛੇ ਬੈਠ ਕੇ ਗੱਲਾਂ ਕਰ ਲਵੋ, ਇੱਥੇ ਗੱਲਾਂ ਨਾ ਕਰੋ। Decorum ਬਣਾ ਕੇ ਰੱਖੋ। ਨੈਕਸਟ ਕੁਐਸਚਨ, ਸਰਦਾਰ ਗੁਰਦਿੱਤ ਸਿੰਘ।

--------

## STARRED QUESTIONS AND ANSWERS *(Resumption)*

### ਘੱਟੋ-ਘੱਟ 50 ਏਕੜ ਸੰਚਿਤ ਖੇਤਰ ਵਾਲੀ ਸ਼ਰਤ ਲਾਗੂ ਕਰਨਾ

***1931. ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸਰਹਿੰਦ ਫੀਡਰ ਸਿਸਟਮ, ਮੱਖੂ ਕੈਨਾਲ ਸਿਸਟਮ, ਈਸਟਰਨ ਕੈਨਾਲ ਸਿਸਟਮ ਅਤੇ ਫਿਰੋਜ਼ਪੁਰ ਫੀਡਰ ਅਧੀਨ ਸ਼ਾਖਾ/ਸਬ-ਬ੍ਰਾਂਚਾ ਦੀ ਮਨਜ਼ੂਰੀ ਲਈ ਘੱਟੋ-ਘੱਟ 50 ਏਕੜ ਸੰਚਿਤ ਖੇਤਰ ਦੀ ਸ਼ਰਤ ਲਾਗੂ ਕੀਤੀ ਗਈ ਹੈ; ਜੇਕਰ ਅਜਿਹਾ ਹੈ ਤਾਂ ਇਸ ਸ਼ਰਤ ਦੇ ਲਾਗੂ ਹੋਣ ਤੋਂ ਬਾਅਦ ਕਿੰਨੇ ਕੇਸ 50 ਏਕੜ ਦੀ ਸ਼ਰਤ ਪੂਰੀ ਨਾ ਕਰਨ ਕਰਕੇ ਰੱਦ ਕੀਤੇ ਗਏ ਹਨ, ਜ਼ਿਲਾਵਾਰ ਵੇਰਵੇ ਸਹਿਤ ਦੱਸਿਆ ਜਾਵੇ;

(ਅ) ਕੀ ਇਹ ਵੀ ਠੀਕ ਹੈ ਕਿ ਇਸ ਸ਼ਰਤ ਕਾਰਨ ਛੋਟੇ ਅਤੇ ਹਾਸ਼ੀਏ ਦੇ ਕਿਸਾਨ ਸਿੰਚਾਈ ਸਹੂਲਤਾ ਤੋਂ ਵਾਂਝੇ ਰਹਿ ਰਹੇ ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸ਼ਰਤ ਨੂੰ ਰੱਦ ਕਰਨ ਜਾਂ ਇਸ ਵਿੱਚ ਢਿੱਲ ਦੇਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ;

(ੲ) ਕੀ ਸਰਕਾਰ ਮੈਦਾਨੀ ਲੋੜ ਅਤੇ S.D.O./X.E.N. ਦੀ ਤਕਨੀਕੀ ਸਿਫ਼ਾਰਸ਼ ਦੇ ਆਧਾਰ 'ਤੇ 50 ਏਕੜ ਤੋਂ ਘੱਟ ਖੇਤਰ ਵਾਲੀਆਂ ਛੋਟੀਆਂ ਸ਼ਾਖਾ ਨੂੰ ਮਨਜ਼ੂਰੀ ਦੇਣ ਲਈ ਨਵੀਂ ਨੀਤੀ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ?

**ਸ੍ਰੀ ਬਰਿੰਦਰ ਕੁਮਾਰ ਗੋਇਲ:** (ੳ)ਸਰਹਿੰਦ ਫੀਡਰ ਸਿਸਟਮ, ਮੱਖੂ ਕੈਨਾਲ ਸਿਸਟਮ, ਈਸਟਰਨ ਕੈਨਾਲ ਸਿਸਟਮ ਅਤੇ ਫਿਰੋਜ਼ਪੁਰ ਫੀਡਰ ਸਿਸਟਮ ਅਧੀਨ ਵਾਟਰ ਕੋਰਸਾਂ ਦੀਆਂ ਬ੍ਰਾਂਚ/ਸਬ-ਬ੍ਰਾਂਚਾਂ ਦੀ ਪ੍ਰਵਾਨਗੀ ਲਈ 50 ਏਕੜ ਰਕਬੇ ਦਾ ਹੋਣਾ ਲਾਜ਼ਮੀ ਸ਼ਰਤ ਨਹੀਂ ਹੈ। ਹਾਲਾਂਕਿ, ਉਹਨਾਂ ਬਰਾਂਚਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਜਿਨ੍ਹਾਂ ਅਧੀਨ 50 ਏਕੜ ਜਾਂ ਇਸ ਤੋਂ ਵੱਧ ਰਕਬਾ ਪੈਂਦਾ ਹੈ। ਇਹ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਮਹਿਕਮੇ ਨੂੰ ਦਿੱਤੇ ਗਏ ਫੰਡਾ ਨਾਲ ਵੱਧ ਤੋਂ ਵੱਧ ਰਕਬਾ ਆਬਪਾਸੀ ਅਧੀਨ ਲਿਆਇਆ ਜਾ ਸਕੇ। ਇਹਨਾਂ ਪ੍ਰੋਜੈਕਟਾਂ ਦੀ ਕੋਸਟ ਬੈਨੇਫਿਟ ਰੇਸ਼ੋ ਕਾਫੀ ਜਿਆਦਾ ਹੈ। ਜਿਹਨਾਂ ਖਾਲਿਆਂ ਨੂੰ, ਇਸ ਨੀਤੀ ਅਧੀਨ ਢੁੱਕਵੇ ਨਾ ਬੈਠਣ ਕਾਰਨ ਵਿਚਾਰਿਆ ਨਹੀਂ ਗਿਆ ਹੈ, ਉਹਨਾਂ ਦਾ ਵੇਰਵਾ ਅਨੁਲੱਗ-ੳ ਵਿੱਚ ਨੱਥੀ ਕੀਤਾ ਗਿਆ ਹੈ।

(ਅ) ਇਹ ਕਹਿਣਾ ਸਹੀ ਨਹੀਂ ਹੈ ਕਿ ਕਿਸੇ ਵੀ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਇਸ ਨੀਤੀ ਕਾਰਨ ਵਾਂਝਾ ਕੀਤਾ ਜਾ ਰਿਹਾ ਹੈ। 50 ਏਕੜ ਤੋਂ ਵੱਧ ਵਾਲੇ ਖੇਤਰ ਨੂੰ ਤਰਜੀਹ ਦੇਣ ਦੀ ਸ਼ਰਤ, ਜਮੀਨ ਦੀ ਮਾਲਕੀ ਨਾਲ ਸਬੰਧਤ ਨਹੀਂ ਹੈ। ਤਜਰਬੇ ਅਨੁਸਾਰ, ਇਸ ਨੀਤੀ ਅਧੀਨ ਜਿਆਦਾਤਰ ਛੋਟੇ ਅਤੇ ਦਰਮਿਆਨੇ ਕਿਸਾਨਾਂ ਹੀ ਫਾਇਦਾ ਵਿੱਚ ਰਹਿਣਗੇ।

(ੲ) 50 ਏਕੜ ਤੋਂ ਘੱਟ ਖੇਤਰ ਵਾਲੀਆਂ ਖਾਲਿਆਂ ਦੀਆਂ ਸ਼ਾਖਾਵਾਂ ਦੀ ਉਸਾਰੀ ਪਹਿਲਾਂ ਹੀ ਮੌਜੂਦਾ ਨੀਤੀ ਦਾ ਹਿੱਸਾ ਹੈ। ਪਹਿਲੀ ਤਰਜੀਹ, ਖਾਲਿਆਂ ਦੀਆਂ ਮੁੱਖ ਸ਼ਾਖਾਵਾਂ ਅਤੇ ਹੋਰ ਸ਼ਾਖਾਵਾਂ ਨੂੰ ਦਿੱਤੀ ਜਾ ਰਹੀਂ ਹੇ ਜਿਹਨਾਂ ਦਾ ਰਕਬਾ 50 ਏਕੜ ਤੋਂ ਵੱਧ ਹੈ।

ਜਦੋਂ ਨਹਿਰੀ ਸਿਸਟਮ ਦੇ ਹਰ ਇੱਕ ਮੋਘਿਆਂ ਦੀਆਂ ਮੁੱਖ ਸ਼ਾਖਾਵਾਂ ਅਤੇ ਹੋਰ ਸ਼ਾਖਾਵਾਂ ਜਿਹਨਾਂ ਦਾ ਰਕਬਾ 50 ਏਕੜ ਤੋਂ ਵੱਧ ਹੈ, ਨੂੰ ਪੱਕੇ ਕਰਨ ਦਾ ਕੰਮ ਮੁਕੰਮਲ ਹੋਣ ਉਪਰੰਤ ਛੋਟੀਆਂ ਸ਼ਾਖਾਵਾਂ ਨੂੰ ਪੱਕੇ ਕਰਨ ਦੇ ਕੰਮ ਵੀ ਕਰਵਾ ਦਿੱਤਾ ਜਾਵੇਗਾ।

**ਅਨੁਲੱਗ- ੳ**

| **ਲੜੀ. ਨੰ.** | **ਜ਼ਿਲ੍ਹੇ ਦਾ ਨਾਂ** | **50 ਏਕੜ ਤੋਂ ਘੱਟ ਰਕਬੇ ਵਾਲੇ ਮਾਮਲਿਆਂ ਦੀ ਗਿਣਤੀ** |
|---|---|---|
| 1. | ਸ੍ਰੀ ਮੁਕਤਸਰ ਸਾਹਿਬ | 48 |

| | | |
|---|---|---|
| 2. | ਫਾਜ਼ਿਲਕਾ | 104 |
| 3. | ਫਰੀਦਕੋਟ | 37 |
| 4. | ਫਿਰੋਜ਼ਪੁਰ | 23 |
| **ਕੁੱਲ** | | **212** |

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਇਨ੍ਹਾਂ ਦਾ ਜਵਾਬ ਆਇਆ ਹੋਇਆ ਹੈ। ਸਰ, ਬਸ ਉਹੀ 50 ਏਕੜ ਵਾਲਾ ਮਸਲਾ ਹੈ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ 50 ਏਕੜ ਰਕਬੇ ਦੀ ਗੱਲ ਕੀਤੀ ਹੈ, ਇਹ ਕੋਈ ਸ਼ਰਤ ਨਹੀਂ ਹੈ ਕਿ ਸਿਰਫ਼ 50 ਏਕੜ ਰਕਬੇ ਨੂੰ ਹੀ ਪਾਣੀ ਦੇਣਾ ਹੈ। ਜਿੱਥੇ 50 ਏਕੜ ਦੀ ਇਕੱਠੀ ਗੱਲ ਹੈ, ਇੱਕ ਨੋਟੀਫ਼ਿਕੇਸ਼ਨ ਸਰਕਾਰ ਵੱਲੋਂ ਮਿਤੀ 01.08.2025 ਨੂੰ ਜਾਰੀ ਕੀਤਾ ਗਿਆ ਸੀ, ਉਸ ਦੇ ਰਾਹੀਂ ਤਰਜੀਹਾਂ ਰੱਖ ਦਿੱਤੀਆਂ ਗਈਆਂ ਸਨ ਕਿ ਪਹਿਲ ਕਿੰਨੂ ਦੇਣੀ ਹੈ ਅਤੇ ਬਾਅਦ ਵਿੱਚ ਕਿੰਨੂ ਦੇਣਾ ਹੈ। ਸਰ, ਹੁਣ ਜਿੱਥੇ ਮੇਨ ਲਾਈਨ ਹੈ, ਪੰਜਾਬ ਵਿੱਚ ਮੇਨ ਲਾਈਨਾਂ ਦੀ ਗਿਣਤੀ 34,000 ਕਿਲੋਮੀਟਰ ਹੈ ਤੇ ਬਰਾਂਚਾਂ ਨੂੰ ਸ਼ਾਮਲ ਕਰ ਲਈਏ ਤਾਂ 65000 ਕਿੱਲੋਮੀਟਰ ਹੈ। ਸੋ, ਇਹ ਤਰਜੀਹ ਰੱਖੀ ਗਈ ਸੀ ਕਿ 34,000 ਕਿੱਲੋਮੀਟਰ ਤੇ ਮੇਨ ਲਾਈਨਾਂ ਅਤੇ ਖਾਲ਼ਾਂ ਬਣਾ ਦਿੱਤੀਆਂ ਜਾਣ। ਉੱਥੋਂ ਫਿਰ ਕਿਸਾਨ ਪਾਣੀ ਨੂੰ ਖ਼ੁਦ ਅੱਗੇ ਲੈ ਕੇ ਚੱਲੇ ਜਾਂਦੇ ਹਨ। ਸੋ, ਇਹ ਤਰਜੀਹ ਦੇ ਅਧਾਰ ਤੇ ਜਿਹੜੇ 34000 ਕਿੱਲੋਮੀਟਰ ਹੈ, ਅਸੀਂ ਉਹ ਕਰ ਰਹੇ ਹਾਂ ਅਤੇ ਉਸ ਦੇ ਤਹਿਤ 50 ਕਿੱਲੋਮੀਟਰ ਦਾ ਲੰਮਾ ਏਰੀਆ ਜਾਂਦਾ ਹੈ ਤਾਂ ਉਸ ਰਾਹੀਂ ਕਿਸਾਨ ਕਵਰ ਹੋ ਜਾਂਦੇ ਹਨ। ਅਸੀਂ ਸਾਰੇ ਕਰਾਂਗੇ ਕਿਉਂਕਿ 65000 ਕਿੱਲੋਮੀਟਰ ਦਾ ਮਤਲਬ ਬਹੁਤ ਵੱਡਾ ਹੈ। ਸਾਰੀ ਮੇਨ ਪਾਵਰ ਸਮੇਤ ਇਸ ਤੇ 14000 ਕਰੋੜ ਰੁਪਏ ਵੀ ਖ਼ਰਚ ਹੋਣਾ ਹੈ। ਪੈਸੇ ਦੀ ਕੋਈ ਪ੍ਰਾਬਲਮ ਨਹੀਂ ਹੈ। ਮੁੱਖ ਮੰਤਰੀ ਸਾਹਿਬ ਨੇ ਕਿਹਾ ਹੋਇਆ ਹੈ ਕਿ ਹਰ ਇੱਕ ਖੇਤ ਨੂੰ ਪਾਣੀ ਦੇਣਾ ਹੈ। ਸਰ, ਪਹਿਲਾਂ ਤਾਂ ਕਦੇ ਕੰਮ ਹੋਇਆ ਹੀ ਨਹੀਂ, ਕੰਮ ਹੀ ਸਾਰਾ ਹੁਣ ਸ਼ੁਰੂ ਕੀਤਾ ਹੈ, ਖਾਲ਼ਿਆਂ ਦਾ ਵੀ ਕੀਤਾ ਹੈ। ਸੋ, ਸਰ ਇਸ ਕਰਕੇ ਪਹਿਲਾਂ ਮੇਨ ਬਰਾਂਚਾਂ ਕੀਤੀਆਂ ਜਾ ਰਹੀਆਂ ਹਨ ਤੇ ਉਸ ਤੋਂ ਬਾਅਦ ਜਿਹੜੀਆਂ ਖੇਤਾਂ ਦੀਆਂ ਬਰਾਂਚਾਂ ਹਨ, ਉਨ੍ਹਾਂ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ। ਜੀ ਸੇਖੋਂ ਸਾਹਿਬ, ਠੀਕ ਹੈ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਇਸ ਦੇ ਵਿੱਚ ਗੱਲ ਇਹ ਹੈ ਕਿ ਜਿਹੜੇ ਬੰਦੇ ਮਾੜੀ ਮੋਟੀ ਪਾਵਰ ਰੱਖਦੇ ਹਨ, ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਜਿਹੜੇ ਬੰਦਿਆਂ ਦੀ 100 ਪਰਸੈਂਟ ਜ਼ਮੀਨ ਹੈ, ਉਨ੍ਹਾਂ ਦੀਆਂ ਜ਼ਮੀਨਾਂ ਤੇ ਪਾਣੀ ਜਾਂਦਾ ਰਹੇਗਾ ਅਤੇ ਜਿਹੜੇ ਦੋ ਦੋ, ਢਾਈ-ਢਾਈ ਕਿੱਲੇ ਵਾਲੇ ਬੰਦੇ ਹਨ, ਉਨ੍ਹਾਂ ਦੇ ਖੇਤਾਂ ਵਿੱਚ ਜ਼ਮੀਨ ਕਿਵੇਂ ਜਾਵੇਗਾ, ਉਨ੍ਹਾਂ ਨੂੰ ਤਾਂ ਪਾਣੀ ਦੀ ਵੱਧ ਲੋੜ ਹੈ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਦਾ ਇੱਕ ਕਰਨਾਲ ਸਿੰਘ ਪਟਵਾਰੀ ਹੈ, ਮੈਂ ਮੰਤਰੀ ਜੀ ਨੂੰ ਵੀ

ਪਹਿਲਾਂ ਮਿਲ ਕੇ ਦੱਸਿਆ ਹੈ ਕਿ ਉਹ ਤਾਂ ਆਪਣੇ ਆਪ ਨੂੰ ਚੀਫ ਸੈਕਟਰੀ ਸਮਝਦਾ ਹੈ। ਖ਼ੁਦ ਪਾਣੀ ਦੀ ਵੰਡ ਕਰਦਾ ਹੈ, ਇੱਕ ਕਿੱਲੇ ਨੂੰ ਤਾਂ 28 ਮਿੰਟ ਲਈ ਪਾਣੀ ਦੇ ਰਿਹਾ ਹੈ ਅਤੇ ਦੂਜੇ ਇੱਕ ਕਿੱਲੇ ਨੂੰ 22 ਮਿੰਟ ਦੇ ਰਿਹਾ ਹੈ। ਬੱਸ, ਹੁਣ ਪਿੱਛੇ ਜਿਹੇ ਕੀ ਹੋਇਆ ਕਿ ਮਰਿਆਂ ਬੰਦਿਆਂ ਤੇ ਵੀ ਪਰਚੇ ਦਰਜ ਕਰਵਾ ਦਿੱਤੇ ਹਨ। ਮੋਘਾ ਕਿਸੇ ਹੋਰ ਨੇ ਭੰਨਿਆ ਹੈ, ਜਿਹੜੇ ਬੰਦੇ ਮਰੇ ਸੀ, ਜਿਹੜੇ ਬੰਦੇ ਜ਼ਮੀਨ ਵੇਚ ਗਏ। ਇਹੋ ਜਿਹਾ ਕੰਮ ਕਰਨ ਵਾਲੇ ਬੰਦਿਆਂ ਤੇ ਵੀ ਕਾਰਵਾਈ ਕੀਤੀ ਜਾਵੇ। ਸਰਕਾਰ ਬਹੁਤ ਕੰਮ ਕਰਦੀ ਹੈ। ਸਰਕਾਰ ਦਾ ਧੰਨਵਾਦ ਹੈ।

**ਮਾਣਯੋਗ ਸਪੀਕਰ**: ਧੰਨਵਾਦ। ਨੈਕਸਟ ਕੁਐਸਚਨ, ਸ਼੍ਰੀ ਹਾਕਮ ਸਿੰਘ ਠੇਕੇਦਾਰ।

-------

## ਹਲਕਾ ਰਾਏਕੋਟ ਦੇ ਸਕੂਲਾਂ ਲਈ ਗ੍ਰਾਂਟ ਜਾਰੀ ਕਰਨਾ

***1979. ਸ਼੍ਰੀ ਹਾਕਮ ਸਿੰਘ ਠੇਕੇਦਾਰ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਏਕੋਟ ਵਿੱਚ ਪੈਂਦੇ ਦੋ ਸਕੂਲਾਂ (ਭਗਵਾਨ ਮਹਾਂਵੀਰ ਸਰਕਾਰੀ ਸੀ.ਸੈ.ਸਮਾਰਟ ਸਕੂਲ ਅਤੇ ਡਾਕਟਰ ਦਵਾਰਕਾ ਨਾਥ ਸ.ਗ.ਸੀ.ਸੈ. ਸਕੂਲ, ਰਾਏਕੋਟ) ਦੀਆਂ ਬਿਲਡਿੰਗਾਂ ਪੁਰਾਣੀ ਹੋਣ ਕਾਰਨ ਅਣ-ਸੇਫ ਘੋਸ਼ਿਤ ਕੀਤੀਆਂ ਗਈਆਂ ਸਨ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਸਕੂਲਾਂ ਦੇ ਨਿਰਮਾਣ ਲਈ ਗ੍ਰਾਂਟ ਕੱਦੋਂ ਤੱਕ ਜਾਰੀ ਕੀਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ**: ਜੀ ਹਾਂ। ਹਲਕਾ ਰਾਏਕੋਟ ਵਿੱਚ ਪੈਂਦੇ ਦੋ ਸਕੂਲਾਂ (1) ਡਾਕਟਰ ਦਵਾਰਕਾ ਨਾਥ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ (2) ਭਗਵਾਨ ਮਹਾਂਵੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਕੋਟ ਦੀਆਂ ਇਮਾਰਤਾਂ ਅਣਸੇਫ ਘੋਸ਼ਿਤ ਕੀਤੀਆਂ ਗਈਆਂ ਹਨ।

ਡਾਕਟਰ ਦਵਾਰਕਾ ਨਾਥ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਏਕੋਟ ਦੀ ਬਿਲਡਿੰਗ ਦੀ ਉਸਾਰੀ ਲਈ ਲੋੜੀਂਦੇ 248.11 ਲੱਖ ਰੁ. ਦੀ ਰਾਸ਼ੀ ਸਰਕਾਰ ਵੱਲੋਂ ਪਹਿਲਾਂ ਹੀ ਪ੍ਰਵਾਨ ਕੀਤੀ ਜਾ ਚੁੱਕੀ ਹੈ ਅਤੇ ਜਲਦ ਹੀ ਇਹ ਰਾਸ਼ੀ ਸਕੂਲ ਨੂੰ ਜਾਰੀ ਕਰ ਦਿੱਤੀ ਜਾਵੇਗੀ।

ਜਿੱਥੋਂ ਤੱਕ ਭਗਵਾਨ ਮਹਾਂਵੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਕੋਟ ਵਿਖੇ ਲੋੜੀਂਦੇ ਬੁਨਿਆਦੀ ਢਾਂਚੇ ਦੀ ਉਸਾਰੀ ਦਾ ਸਬੰਧ ਹੈ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਲੁਧਿਆਣਾ ਤੋਂ ਪ੍ਰਾਪਤ ਰਿਪੋਰਟ ਅਨੁਸਾਰ 109.96 ਲੱਖ ਰੁ. ਦੀ ਰਾਸ਼ੀ ਲੋੜੀਂਦੀ ਹੈ। ਇਸ ਰਾਸ਼ੀ ਦਾ ਉਪਬੰਧ ਕਰਵਾਉਣ ਲਈ ਵਿੱਤ ਵਿਭਾਗ ਨਾਲ ਤਾਲਮੇਲ ਕਰਕੇ ਯੋਗ ਉਪਰਾਲੇ ਕੀਤੇ ਜਾਣਗੇ।

ਸਪੀਕਰ ਸਾਹਿਬ ਮਾਣਯੋਗ ਵਿਧਾਇਕ ਸਾਹਿਬ ਨੇ ਆਪਣੇ ਹਲਕੇ ਰਾਏਕੋਟ ਦੇ ਦੋ ਸਕੂਲ ਡਾਕਟਰ ਦਵਾਰਕਾ ਨਾਥ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਾਰ ਗਰਲਜ਼ ਅਤੇ ਭਗਵਾਨ ਮਹਾਂਵੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਿਨ੍ਹਾਂ ਦੀ ਇਮਾਰਤਾਂ ਅਨਸੇਫ ਹੈ, ਬਾਰੇ ਸਵਾਲ ਪੁੱਛਿਆ ਹੈ। ਮੈਂ ਦੋਨਾਂ ਬਾਰੇ ਦੱਸਣਾ ਚਾਹੁੰਦਾ ਹਾਂ। ਪਹਿਲਾ ਡਾਕਟਰ ਦਵਾਰਕਾ ਨਾਥ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਾਰੇ ਗੱਲ ਕਰਾਂਗਾ। ਇਸ ਸਕੂਲ ਤੋਂ ਸਾਨੂੰ ਮਿਤੀ 13.04.2026 ਨੂੰ ਰਿਕੁਆਇਰਮੈਂਟਸ (9 ਕਲਾਸ ਰੂਮਜ਼, 1 ਲਾਇਬ੍ਰੇਰੀ, 6 ਲੈਬਜ਼, 1 ਕਿਚਨ, 1 ਸਪੋਰਟਸ ਰੂਮ, 1 ਕਿਚਨ ਸਟੋਰ ਰੂਮ, 2 ਸਟਾਫ ਰੂਮ, 1 ਸਾਇੰਸ ਲੈਬ, 1 ਆਫਿਸ ਕਲਰਕ ਰੂਮ, 6 ਬਾਥਰੂਮ ਫਿਰ ਬਾਥਰੂਮ ਲੜਕੀਆਂ ਲਈਆਂ, ਇੱਕ ਬਾਥਰੂਮ CWSN, ਮੇਨ ਗੇਟ, ਰੈਂਪ, ਡਰਿੰਕਿੰਗ ਵਾਟਰ ਫੈਸਿਲਟੀ) ਆਈਆਂ ਸੀ। ਇਸ ਤੇ 2 ਕਰੋੜ 56 ਲੱਖ ਦਾ ਐਸਟੀਮੇਟ ਬਣਾ ਕੇ ਭੇਜਿਆ ਗਿਆ ਸੀ। ਸਰ, ਅਸੀਂ 2 ਕਰੋੜ 48 ਲੱਖ ਰੁਪਏ ਵਿੱਚ ਇਹ ਡਿਜ਼ਾਈਨ ਕਰਕੇ, ਰਾਸ਼ੀ ਜਾਰੀ ਕਰ ਦਿੱਤੀ ਹੈ, ਕੰਮ ਸ਼ੁਰੂ ਹੋ ਜਾਵੇਗਾ।

ਦੂਜਾ ਜਿਹੜਾ ਭਗਵਾਨ ਮਹਾਂਵੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ, ਇਸ ਦਾ ਐਸਟੀਮੇਟ (5 ਐਡੀਸ਼ਨਲ ਕਲਾਸ ਰੂਮਜ਼, 1 ਲਾਇਬ੍ਰੇਰੀ, 3 ਲੈਬਜ਼, 1 ਸਾਈਕਲ ਸਟੈਂਡ, 1 ਡਰਿੰਕਿੰਗ ਫੈਸਿਲਟੀ ਅਤੇ ਇੱਕ ਪਾਣੀ ਦਾ ਬੋਰ) 1 ਕਰੋੜ 9 ਲੱਖ ਰੁਪਏ ਦਾ ਹੈ, ਇਹ ਵੀ ਪ੍ਰਪੋਜ਼ਲ ਸਾਡੇ ਵਿਭਾਗ ਵੱਲੋਂ ਵਿੱਤ ਵਿਭਾਗ ਨੂੰ ਜਾ ਚੁੱਕੀ ਹੈ। ਪੈਸੇ ਸਾਡੇ ਕੋਲ ਹੈ, We just need their consent, ਉਹ ਵੀ ਹੋ ਜਾਵੇਗਾ। ਦੋਵਾਂ ਸਕੂਲਾਂ ਦੇ ਕੰਮ ਹੋ ਜਾਣਗੇ।

**1050/Beant kaur**

**ਸ੍ਰੀ ਹਾਕਮ ਸਿੰਘ ਠੇਕੇਦਾਰ** : ਸਪੀਕਰ ਸਾਹਿਬ, ਡਾਕਟਰ ਦਵਾਰਕਾ ਨਾਥ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਰਫ ਲੜਕੀਆਂ ਦਾ ਸਕੂਲ ਹੈ, ਇਹ ਲੜਕੀਆਂ ਕਿਸੇ ਹੋਰ ਸਕੂਲ ਵਿੱਚ ਬੈਠੀਆਂ ਹਨ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਕੂਲ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ? ਕਦੋਂ ਤੱਕ ਮੁਕੰਮਲ ਹੋ ਜਾਵੇਗਾ? ਕੀ ਟੈਂਡਰ ਹੋ ਗਿਆ ਹੈ ਜਾਂ ਨਹੀਂ, ਇਸ ਬਾਰੇ ਵੀ ਦੱਸਿਆ ਜਾਵੇ। ਦੂਜਾ ਭਗਵਾਨ ਮਹਾਂਵੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 16 ਕਮਰਿਆਂ ਵਿਚੋਂ ਪੰਜ ਕਮਰਿਆਂ ਦਾ ਕੰਮ ਸ਼ੁਰੂ ਹੋਇਆ ਹੈ। ਬਾਕੀਆਂ ਵਾਸਤੇ ਪੈਸੇ ਕਦੋਂ ਮਿਲਣਗੇ ਅਤੇ ਇਸ ਕਦੋਂ ਸਟਾਰਟ ਕਰ ਦਿੱਤੇ ਜਾਣਗੇ?

**ਮੰਤਰੀ :** ਸਰ, ਪਿੱਛੇ ਜਿਹੇ ਮੇਰੇ ਨਾਲ ਲਾਡੀ ਢੋਸ ਜੀ ਵੀ ਗਿਲਾ ਕਰ ਰਹੇ ਸਨ ਕਿ ਸਾਡਾ ਕੰਮ ਹਾਲੇ ਤੱਕ ਸ਼ੁਰੂ ਨਹੀਂ ਹੋਇਆ। ਸਰ, ਅਸੀਂ ਸਿੱਖਿਆ ਵਿਭਾਗ ਲਗਭਗ 30 ਲੱਖ ਦਾ ਕੰਮ SMC (School Management Committee) ਤੋਂ ਕਰਵਾਉਂਦੇ ਹਾਂ। ਜਿੱਥੇ ਉਸ ਤੋਂ ਵੱਡਾ ਹੋ ਜਾਂਦਾ ਹੈ ਤਾਂ ਉਹ ਪੀਡਬਲਿਊਡੀ ਜਾਂ ਮੰਡੀ ਬੋਰਡ ਜਾਂ ਜਿਹੜੀ ਸਪੈਸ਼ੇਲਾਈਜ਼ਡ ਏਜੰਸੀ ਸੀ, ਉਸ ਤੋਂ ਕਰਵਾਉਂਦੇ ਹਾਂ। ਅਸੀਂ 19 ਮਾਰਚ ਨੂੰ ਲਾਡੀ ਜੀ ਵਾਲੇ ਸਕੂਲ ਨੂੰ A.A. ਦੇ ਦਿੱਤੀ ਸੀ। ਮੈਂ ਇਨ੍ਹਾਂ ਨੂੰ ਦਿਖਾਇਆ ਸੀ ਕਿ 19 ਮਾਰਚ ਨੂੰ ਸਾਡੇ ਵੱਲੋਂ ਇਹ ਜਾ ਚੁੱਕੀ ਸੀ। ਮੈਂਬਰ ਸਾਹਿਬ ਨੂੰ ਵੀ ਮੈਂ AA ਦੀ ਕਾਪੀ ਦੇ ਦਿੰਦਾ ਹਾਂ, ਜਿਹੜੀ ਵੀ ਏਜੰਸੀ ਸੀ ਭਾਵੇਂ ਪੀਡਬਲਿਊਡੀ ਜਾਂ ਮੰਡੀ ਬੋਰਡ, this is their responsibility ਅਤੇ ਅਸੀਂ ਇਸ ਦੀ

ਡਿਟੇਲ ਮੰਗਵਾ ਕੇ ਇਨ੍ਹਾਂ ਨੂੰ ਭੇਜ ਵੀ ਦੇਵਾਂਗੇ। ਟੈਂਡਰ ਲਗਾਉਣ ਨੂੰ 5-6 ਮਹੀਨੇ ਲਗਾ ਦਿੱਤੇ ਜਾਂਦੇ ਹਨ, ਅਸੀਂ ਇਸ ਨੂੰ ਹੋਰ ਸਪੀਡ ਅੱਪ ਕਰਵਾ ਦੇਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਹੈ ਕਿ ਵਿਧਾਨ ਸਭਾ ਹਲਕਾ, ਨਵਾਂ ਸ਼ਹਿਰ ਦੇ ਜਿਸ ਸਕੂਲ ਤੋਂ ਮੈਂ ਪੜ੍ਹਿਆ ਹਾਂ, ਉਥੋਂ ਸਾਡੇ ਬਹੁਤ ਹੀ ਸਤਿਕਾਰਯੋਗ ਸ਼੍ਰੀ ਸੋਮ ਪ੍ਰਕਾਸ਼ ਜੀ, ਸਾਬਕਾ ਐਮ.ਪੀ. ਵੀ ਉਥੋਂ ਹੀ ਪੜ੍ਹੇ ਹਨ। ਸਾਡਾ ਇਹ ਗੌਰਮਿੰਟ ਹਾਈ ਸਕੂਲ, ਜਾਂਡਲਾ ਜਿਸ ਵਿੱਚ ਸਿਰਫ ਇਕ ਹੀ ਪੋਸਟ ਟੀਚਰ ਦੀ ਰਹਿ ਗਈ ਹੈ ਅਤੇ ਉਹ ਵੀ ਰਿਟਾਇਰ ਹੋਣ ਵਾਲਾ ਹੈ। ਜੇਕਰ ਉਹ ਵੀ ਚਲੇ ਗਏ ਤਾਂ ਸਕੂਲ ਬੰਦ ਹੋ ਜਾਣਾ ਹੈ। ਸਰ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰੀ ਹਾਈ ਸਕੂਲ, ਜਾਂਡਲਾ ਵਿੱਚ ਪੋਸਟਾਂ ਗ੍ਰਾਂਟ ਕਰ ਦਿੱਤੀਆਂ ਜਾਣ ਤਾਂ ਜੋ ਉਹ ਸਕੂਲ ਚਲਦਾ ਹੋ ਜਾਵੇ। ਧੰਨਵਾਦ।

**ਮਾਣਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ। ਪ੍ਰਸ਼ਨ ਖ਼ਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ ਪਰ ਉਸ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ।

**ਸਰਦਾਰ ਪਰਗਟ ਸਿੰਘ ਪੋਆਰ** : ਸਪੀਕਰ ਸਾਹਿਬ।

-------

## RULING BY THE HON'BLE SPEAKER

**ਮਾਣਯੋਗ ਸਪੀਕਰ** : ਬੈਠੋ ਜੀ, ਬੈਠੋ। ਮਹਾਨ ਸੇਵਕ ਦੀਵਾਨ ਟੋਡਰ ਮੱਲ ਜੀ ਦੀ ਇਕੋ ਇਕ ਨਿਸ਼ਾਨੀ ਜਹਾਜ਼ ਹਵੇਲੀ ਸਾਡੇ ਸ਼ਾਨਾਮੱਤੇ ਇਤਿਹਾਸ ਦਾ ਇਕ ਮੀਲ ਪੱਥਰ ਹੈ ਜੋ ਕਿ ਸਮਾਂ ਬੀਤਣ ਨਾਲ ਸੰਭਾਲ ਤੋਂ ਵਿਰਵੀ ਰਹਿਣ ਕਰਕੇ ਖੰਡਰ ਬਣਦੀ ਜਾ ਰਹੀ ਸੀ। ਇਸ ਜਹਾਜ਼ ਹਵੇਲੀ ਨੂੰ ਪੁਰਾਤਨ ਦਿੱਖ ਵਿੱਚ ਇੰਨ-ਬਿੰਨ ਤਿਆਰ ਕਰਨ ਦੀ ਸੇਵਾ ਦੀਵਾਨ ਟੋਡਰ ਮੱਲ ਵਿਰਾਸਤੀ ਫਾਉਂਡੇਸ਼ਨ, ਪੰਜਾਬ ਦੇ ਹਿੱਸੇ ਆਈ ਹੈ। ਇਸ ਕਾਰਜ ਵਾਸਤੇ ਮੈਂ ਸੰਸਥਾ ਦੇ ਬਾਨੀ ਸਰਦਾਰ ਗਿਆਨ ਸਿੰਘ ਸੰਧੂ ਹੋਰਾਂ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਹੁਤ ਵਧੀਆ ਭੂਮਿਕਾ ਨਿਭਾਈ ਹੈ। ਇਹ ਸੇਵਾ ਅਮਰੀਕਾ ਨਿਵਾਸੀ ਸੰਧੂ ਭਰਾਵਾਂ ਵੱਲੋਂ ਕੀਤੀ ਜਾ ਰਹੀ ਹੈ। ਸਰਦਾਰ ਸਤਨਾਮ ਸਿੰਘ ਸੰਧੂ ਅਤੇ ਸਰਦਾਰ ਕਰਨੈਲ ਸਿੰਘ ਸੰਧੂ ਵੱਲੋਂ ਇਹ ਬਹੁਤ ਹੀ ਵਧੀਆ ਇਤਿਹਾਸਕ ਕਾਰਜ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਇਸ ਜਹਾਜ਼ ਹਵੇਲੀ ਲਈ ਤਿੰਨ ਸਦੀਆਂ ਪਹਿਲਾਂ ਜੋ ਮਟੀਰੀਅਲ ਵਰਤਿਆ ਗਿਆ ਸੀ, ਉਸੇ ਮਟੀਰੀਅਲ ਦੀ ਹੁਣ ਵਰਤੋਂ ਕਰ ਰਹੇ ਹਾਂ। ਸੋ, ਇਤਿਹਾਸ ਨੂੰ preserve ਕਰਨ ਵਿੱਚ ਪੰਜਾਬ ਸਰਕਾਰ ਤੇ ਗੁਰੂ ਸਾਹਿਬ ਨੇ ਬਹੁਤ ਕਿਰਪਾ ਕੀਤੀ ਹੈ। ਸੋ, ਮੈਂ ਆਪ ਸਭ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਾਰੇ ਜਣੇ ਉਥੇ ਦਰਸ਼ਨ ਵੀ ਕਰਕੇ ਆਉਣਾ।(ਥੰਪਿੰਗ)

-------

## MATTERS RAISED DURING ZERO HOUR AND STATEMENT BY THE CHIEF MINISTER THEREON

**ਮਾਣਯੋਗ ਸਪੀਕਰ** : ਹਾਂ ਜੀ, ਬਾਜਵਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਮਾਈਕ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਨਹੀਂ, ਮੈਂ ਕਿਸੇ ਨਾਲ ਨਰਾਜ਼ ਨਹੀਂ ਹੁੰਦਾ। (ਵਿਘਨ...) ਆਪਾਂ ਕਿਸੇ ਨਾਲ ਨਰਾਜ਼ ਨਹੀਂ ਹੁੰਦੇ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** :ਆਨਰੇਬਲ ਸਪੀਕਰ ਸਾਹਿਬ, thank you ji. ਸਰ, ਕਲ੍ਹ ਬਹਿਸ ਦੌਰਾਨ ਸਾਡੇ ਇਰੀਗੇਸ਼ਨ ਮਨਿਸਟਰ ਸਾਹਿਬ ਨੇ ਸਾਰੇ ਹਾਊਸ ਨੂੰ ਅਤੇ ਸਾਰੇ ਪੰਜਾਬ ਨੂੰ ਐਸ਼ੋਰੈਂਸ ਦਿਵਾਈ ਸੀ ਕਿ ਸਾਰੇ ਪੰਜਾਬ ਵਿੱਚ ਕਿਤੇ ਵੀ ਇਲਲੀਗਲ ਮਾਈਨਿੰਗ ਨਹੀਂ ਹੋ ਰਹੀ। ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਹਾਊਸ ਦੀ ਕਮੇਟੀ ਬਣਾਓ ਅਤੇ ਇਨ੍ਹਾਂ ਨੂੰ ਸੈਸ਼ਨ ਖ਼ਤਮ ਹੋਣ ਤੋਂ ਬਾਅਦ ਸਾਡੇ ਨਾਲ ਤੋਰੋ। ਅੱਜ ਇਕ a leading paper of India i.e. The Times of India has reported - Not Serious In Taking Action, NGT Seeks Illegal Mining Report ਸੁਪਰੀਮ ਕੋਰਟ ਦੇ ਜੱਜ, ਜਿਹੜੇ ਚੇਅਰਮੈਨ ਹਨ, ਜਸਟਿਸ ਪ੍ਰਕਾਸ਼ ਸ਼੍ਰੀਵਾਸਤਵਾ ਜੀ and expert Dr. Afroz Ahmed have said that the National Green Tribunal has directed the Punjab Government to file a fresh progress report within four weeks in a case relating to alleged illegal mining and reported caused damage to the bridge over Sutlej River. ਸੋ, ਉਨ੍ਹਾਂ ਦਾ ਕਹਿਣ ਦਾ ਮਤਲਬ ਹੈ ਕਿ 6-6 ਮਹੀਨੇ ਦੀਆਂ ਰਿਪੋਰਟਾਂ ਪਈਆਂ ਹਨ, ਕੋਈ ਇਸ ਵਾਸਤੇ bothered ਨਹੀਂ ਹੈ।

**1055/Karamjit kaur**

ਕੋਈ cognizance ਨਹੀਂ ਲੈ ਰਿਹਾ। ਸਰ, ਮੈਂ ਹੁਣ ਆਪਣੀ ਗੱਲ ਅੱਗੇ ਰੱਖਦਾ ਹਾਂ। ਸਪੀਕਰ ਸਾਹਿਬ, ਟ੍ਰਿਬਿਊਨ ਅਖ਼ਬਾਰ ਨੇ ਜੁਲਾਈ, 2023 ਵਿੱਚ ਇੱਕ ਰਿਪੋਰਟ ਛਾਪੀ ਸੀ। ਇਹ ਰਿਪੋਰਟ ਪਠਾਨਕੋਟ ਏਰੀਏ ਨਾਲ ਤੁਅਲੱਕ ਰੱਖਦੀ ਹੈ। ਜਿੱਥੇ ਸਾਰਿਆਂ ਨਾਲੋਂ ਵੱਡਾ ਇਲ-ਲੀਗਲ ਮਾਈਨਿੰਗ ਦਾ ਉਪਰੇਸ਼ਨ ਚੱਲ ਰਿਹਾ ਹੈ ਜੀ। ਉਸ ਦੇ ਵਿੱਚ ਉਨ੍ਹਾਂ ਨੇ

ਦੱਸਿਆ ਹੈ ਕਿ ਜਦੋਂ ਇਹ ਸਰਕਾਰ ਆਈ ਸੀ, ਸਰ, ਇੱਕ ਕੁਲਦੀਪ ਸਿੰਘ ਨਾਮ ਦਾ ਬੀ.ਡੀ.ਪੀ.ਓ. ਹੈ, ਪਹਿਲਾਂ ਇੱਕ ਮਨਿਸਟਰ ਸਾਹਿਬ ਨੇ ਪ੍ਰਪੋਜ਼ ਕੀਤਾ ਕਿ ਇਸ ਨੂੰ ਮੇਰੇ ਏਰੀਏ ਵਿੱਚ ਇਸ ਨੂੰ ਲਗਾ ਦਿਓ। ਉਸ ਵਿਅਕਤੀ ਨੂੰ ਉੱਥੇ ਲਗਾ ਦਿੱਤਾ ਗਿਆ। ਉਸ ਤੋਂ ਚੰਦ ਦਿਨ ਬਾਅਦ 20 ਫਰਵਰੀ, 2023 ਨੂੰ ਉਸ ਬੀ.ਡੀ.ਪੀ.ਓ. ਨੂੰ ਡੀ.ਡੀ.ਪੀ.ਓ. ਵਜੋਂ ਪ੍ਰਮੋਟ ਕਰ ਦਿੱਤਾ ਗਿਆ। ਸਰ, ਤੁਸੀਂ ਹੈਰਾਨ ਹੋਵੇਗੇ ਕਿ within 3 days, 23 ਫਰਵਰੀ, 2023 ਨੂੰ ਉਸ ਨੂੰ ਏ.ਡੀ.ਸੀ. (ਡਿਵੈਲਪਮੈਂਟ) ਲਗਾ ਦਿੱਤਾ ਗਿਆ । ਉਸੇ ਏ.ਡੀ.ਸੀ. ਸਾਹਿਬ ਨੇ 27 ਤਾਰੀਕ ਨੂੰ, ਉਸ ਨੂੰ ਇੱਕ ਮਨਿਸਟਰ ਸਾਹਿਬ ਦੇ ਕਹਿਣ ਦੇ ਉੱਤੇ, ਜਿਨ੍ਹਾਂ ਨੇ ਇਸ ਨੂੰ ਪਹਿਲਾਂ ਬੀ.ਡੀ.ਪੀ.ਓ. ਲਗਾਇਆ, ਫਿਰ ਡੀ.ਡੀ.ਪੀ.ਓ. ਲਗਾਇਆ ਅਤੇ ਫਿਰ ਏ.ਡੀ.ਸੀ.(ਵਿਕਾਸ) ਲਗਾਇਆ ਗਿਆ। ਸਰ, ਇਹ ਬੜੀ ਇੰਪੋਰਟੈਂਟ ਗੱਲ ਹੈ ਜੀ। ਉਸੇ ਏ.ਡੀ.ਸੀ. ਨੇ 92 acres mineral rich land, ਨਰੋਟ ਜੈਮਲ ਸਿੰਘ ਵਿੱਚ ਜਿਹੜੀ ਗੋਲ ਪੰਚਾਇਤ ਦੀ ਜ਼ਮੀਨ ਸੀ, ਉਹ ਕੌਡੀਆਂ ਦੇ ਭਾਅ ਇੱਕ ਆਦਮੀ ਨੂੰ ਦੇ ਦਿੱਤੀ। ਸਰ, ਤੁਸੀਂ ਹੈਰਾਨ ਹੋਵੇਗੇ ਕਿ ਜਿਸ ਦਿਨ ਉਸ ਨੇ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਕੀਤਾ, ਅਗਲੇ ਦਿਨ ਉਹ ਰਿਟਾਇਰ ਹੋ ਜਾਂਦਾ ਹੈ। ਸੋ, ਇਸ ਸਬੰਧ ਵਿੱਚ ਮੈਂ 11 ਅਗਸਤ, 2023 ਨੂੰ ਇੱਕ ਚਿੱਠੀ ਗਵਰਨਰ ਪੰਜਾਬ ਨੂੰ ਲਿਖੀ ਸੀ। ਮੈਂ ਉਸ ਦੇ ਵਿੱਚ ਇੱਕ ਫੇਅਰ ਇਨਕੁਆਰੀ ਲਈ ਕਿਹਾ ਸੀ।

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਅਜੇ ਮੇਰੀ ਗੱਲ ਆਈ ਨਹੀਂ ਹੈ ਜੀ।

**ਮਾਣਯੋਗ ਸਪੀਕਰ:** ਬਾਜਵਾ ਜੀ, ਹੁਣ ਸਾਰਾ ਟਾਈਮ ਆਪਾਂ ਥੋੜ੍ਹਾ ਲੈਣਾ ਹੈ ਜੀ? ਤੁਹਾਡੇ ਇਸ਼ੂਜ ਆ ਗਏ ਹਨ। ਤੁਸੀਂ ਗਵਰਨਰ ਸਾਹਿਬ ਨੂੰ ਚਿੱਠੀ ਦਿੱਤੀ ਹੈ। ਉਸ ਦਾ ਜਵਾਬ ਵੀ ਆ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਗੱਲ ਪੂਰੀ ਹੋ ਲੈਣ ਦਿਓ। ਉਸ ਚਿੱਠੀ ਤੇ ਹੁਣ, ਮੇਰੀ ਗੱਲ ਪੂਰੀ ਨਹੀਂ ਹੋਈ।

**ਮਾਣਯੋਗ ਸਪੀਕਰ:** ਤੁਸੀਂ ਆਪਣੀ ਗੱਲ ਰੱਖ ਲਈ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਨਹੀਂ ਰੱਖੀ ਜੀ। ਤੁਸੀਂ ਮੇਰੀ ਗੱਲ ਕੰਪਲੀਟ ਹੀ ਨਹੀਂ ਹੋਣ ਦਿੱਤੀ। ਹੁਣ ਮੇਰੀ ਗੱਲ ਸੁਣ ਲਵੋ ਜੀ। ਮੈਂ ਲੀਡਰ ਆਫ ਆਪੋਜੀਸ਼ਨ ਦੇ ਨਾਤੇ ਬੋਲ ਰਿਹਾ ਹਾਂ। (ਵਿਘਨ)

**ਮਾਣਯੋਗ ਸਪੀਕਰ:** ਲੀਡਰ ਆਫ ਆਪੋਜੀਸ਼ਨ ਦਾ ਮਤਲਬ ਇਹ ਥੋੜ੍ਹੀ ਹੈ ਕਿ ਸਾਰੀਆਂ ਗੱਲਾਂ ਆਪਾਂ ਨੇ ਕਰਨੀਆਂ ਹਨ ਜੀ। You have made two of your points.

**Sardar Pratap Singh Bajwa:** Sir, you have given me only half of a minute. ਮੈਂ ਤਾਂ ਅਜੇ ਆਪਣੀ ਗੱਲ ਪੂਰੀ ਹੀ ਨਹੀਂ ਕੀਤੀ। (ਵਿਘਨ)(ਸ਼ੋਰ)

**Mr. Speaker:** No, no. ਪਲੀਜ਼ ਬੈਠੋ। ਤੁਹਾਨੂੰ ਦੱਸ ਦਿਆਂਗੇ ਕਿ ਤੁਹਾਡਾ ਕਿੰਨਾ ਟਾਈਮ ਹੋਇਆ ਹੈ। ਸਰਦਾਰ ਕੁਲਵੰਤ ਸਿੰਘ ਸਿੱਧੂ। ਤੁਹਾਨੂੰ ਟਾਈਮ ਬਾਰੇ ਹੁਣੇ ਦੱਸ ਦਿੰਦੇ ਹਾਂ। (ਵਿਘਨ)(ਸ਼ੋਰ) ਤੁਹਾਡੀ ਗੱਲ ਆ ਗਈ ਹੈ।

(ਇਸ ਸਮੇਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਅਤੇ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਲੀਡਰ ਆਫ ਦਿ ਆਪੋਜੀਸ਼ਨ ਨੂੰ ਜ਼ੀਰੋ ਆਵਰ ਵਿੱਚ ਬੋਲਣ ਲਈ ਹੋਰ ਸਮਾਂ ਨਾ ਦੇਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਆ ਗਏ ।)

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਮਾਣਯੋਗ ਸਪੀਕਰ, ਮੈਂ ਜੀਰੋ ਆਵਰ ਵਿੱਚ ਮੈਨੂੰ ਸਮਾਂ ਦੇਣ ਲਈ ਆਪ ਜੀ ਦਾ ਧੰਨਵਾਦ ਕਰਦਾ ਹਾਂ। ਮੈਂ ਆਪ ਜੀ ਦਾ ਧਿਆਨ ਆਪਣੇ ਹਲਕੇ ਵਿੱਚ ਚੱਲ ਰਹੀ Mixed Land Use Policy ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਕਿਰਪਾ ਸਦਕਾ ਇਸ ਛੋਟੀ ਇੰਡਸਟਰੀ ਨੂੰ ਸਾਢੇ ਤਿੰਨ ਸਾਲ ਦੀ ਐਕਸਟੈਨਸ਼ਨ ਦਿੱਤੀ ਗਈ । ਜਿਸ ਦੀ ਮਿਆਦ 10 ਸਤੰਬਰ, 2026 ਹੈ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਇੰਡਸਟਰੀ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਇਹ ਮਿਆਦ ਹੈ, ਇਸ ਵਾਸਤੇ ਘੱਟੋ-ਘੱਟ 10 ਸਾਲ ਦਾ ਸਮਾਂ ਹੋਰ ਵਧਾਇਆ ਜਾਵੇ। ਕਿਉਂਕਿ ਸਾਹਮਣੇ ਕੋਈ ਪਾਰਟੀ ਨਹੀਂ ਹੈ। ਕੌਣ ਚਾਹੁੰਦਾ ਹੈ ਕਿ ਇਸ ਛੋਟੀ ਇੰਡਸਟਰੀ ਨੂੰ ਘਰਾਂ ਤੋਂ ਬਾਹਰ ਕੱਢਿਆ ਜਾਵੇ? ਕੋਈ ਅਜਿਹਾ ਨਹੀਂ ਕਹਿੰਦਾ। ਕਿਉਂਕਿ ਮੇਰੇ ਹਲਕੇ ਵਿੱਚ 50-50 ਗਜ਼ ਦੇ ਮਕਾਨ ਹਨ ਜੀ। ਉੱਥੇ ਥੱਲੇ ਫੈਕਟਰੀਆਂ ਹਨ ਅਤੇ ਉੱਪਰ ਮਕਾਨ ਹਨ। ਮੈਂ ਕਹਿਣਾ ਚਾਹੁੰਦਾ ਹਾਂ ਇਸ ਦੇ ਕਾਰਨ 5 ਲੱਖ ਬੰਦਾ ਬੇਰੁਜ਼ਗਾਰ ਹੋ ਜਾਵੇਗਾ ਜੀ। ਛੋਟੀ ਇੰਡਸਟਰੀ ਦੇ ਮਾਲਕ ਵੀ ਉਜੜ ਜਾਣਗੇ ਅਤੇ 50 ਹਜ਼ਾਰ ਤੋਂ ਉੱਪਰ ਜੋ ਛੋਟੀਆਂ ਫੈਕਟਰੀਆਂ ਹਨ, ਉਹ ਬਿਲਕੁਲ ਬਰਬਾਦੀ ਦੇ ਕੰਢੇ ਚਲੀਆਂ ਜਾਣਗੀਆਂ। ਮੈਨੂੰ ਆਸ ਹੈ ਕਿ ਮੁੱਖ ਮੰਤਰੀ ਸਾਹਿਬ ਜ਼ਰੂਰ ਮੇਰੀ ਬੇਨਤੀ ਨੂੰ ਪ੍ਰਵਾਨ ਕਰਕੇ ਜ਼ਰੂਰ ਇਸ ਵਾਸਤੇ 10 ਸਾਲ ਦੀ ਐਕਸਟੈਨਸ਼ਨ ਦੇਣਗੇ। ਸਪੀਕਰ ਸਾਹਿਬ, ਮੈਂ ਸਾਰਿਆਂ ਦਾ ਧੰਨਵਾਦੀ ਹਾਂ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। (ਵਿਘਨ)(ਸ਼ੋਰ)

(ਇਸ ਸਮੇਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਅਤੇ ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਲੀਡਰ ਆਫ ਦਿ ਆਪੋਜੀਸ਼ਨ ਨੂੰ ਜ਼ੀਰੋ ਆਵਰ ਵਿੱਚ ਬੋਲਣ ਲਈ ਹੋਰ ਸਮਾਂ ਨਾ ਦੇਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਖੜ੍ਹ ਕੇ ਉਨ੍ਹਾਂ ਨੂੰ ਹੋਰ ਸਮਾਂ ਦੇਣ ਦੀ ਲਗਾਤਾਰ ਮੰਗ ਕਰ ਰਹੇ ਸੀ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ, ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ**: ਲੀਡਰ ਆਫ ਆਪੋਜੀਸ਼ਨ ਨੇ 3 ਮਿੰਟ ਤੇ 9 ਸਕਿੰਟ ਲਏ ਹਨ। ਮੈਂ ਜ਼ੀਰੋ ਆਵਰ ਦੌਰਾਨ ਹਰੇਕ ਨੂੰ 2 ਮਿੰਟ ਦਾ ਸਮਾਂ ਦਿੰਦਾ ਹੁੰਦਾ ਹਾਂ। I have 116 Members, ਜਿਨ੍ਹਾਂ ਨੂੰ ਮੈਂ ਸਮਾਂ ਦੇਣਾ ਹੈ। ਸੋ, ਇਸ ਕਰਕੇ ਇਹ ਠੀਕ ਨਹੀਂ ਹੋਵੇਗਾ। ਤੁਸੀਂ ਸਾਰੇ ਬਿਲਕੁਲ ਆਪਣੀਆਂ ਆਪਣੀਆਂ ਜਗ੍ਹਾਵਾਂ ਤੇ ਜਾਓ। ਆਪਣੀ ਆਪਣੀ ਜਗ੍ਹਾ ਤੇ ਜਾਓ, ਪਲੀਜ਼। (ਵਿਘਨ)(ਸ਼ੋਰ) ਸਰਦਾਰ ਮਨਪ੍ਰੀਤ ਸਿੰਘ ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਧੰਨਵਾਦ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਰਕਾਰ ਦੇ ਧਿਆਨ ਦੇ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮੁਲਾਜ਼ਮਾਂ ਦਾ ਡੀ.ਏ. ਹੈ, ਜਿਹੜਾ ਕਿ ਪਿਛਲੇ ਸਮੇਂ ਤੋਂ ਸਰਕਾਰ ਦੇ ਸਮੇਂ ਦੌਰਾਨ ਨਹੀਂ ਮਿਲਿਆ ਅਤੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਹੁਣ ਸਰਕਾਰ ਨੂੰ ਹਦਾਇਤ ਦਿੱਤੀ ਗਈ ਹੈ ਕਿ ਇਹ ਤੁਰੰਤ ਦਿੱਤਾ ਜਾਵੇ।

(ਇਸ ਸਮੇਂ ਮਾਣਯੋਗ ਸਪੀਕਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਨੂੰ ਬਾਅਦ ਵਿੱਚ ਸਮਾਂ ਦੇਣ ਬਾਰੇ ਇਸ਼ਾਰਾ ਕਰਕੇ ਸਮਝਾ ਰਹੇ ਸਨ ਜਿਸ ਉਪਰੰਤ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਾਰੇ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਆ ਕੇ ਬੈਠ ਗਏ।)

**1100/harpreet singh**

ਅਸੀਂ ਸਰਕਾਰ ਤੋਂ ਇਹ ਮੰਗ ਕਰਦੇ ਹਾਂ ਕਿ ਮੁਲਾਜ਼ਮਾ ਦਾ ਡੀ.ਏ. ਦਿੱਤਾ ਜਾਵੇ। ਇਸ ਦੇ ਨਾਲ ਹੀ ਪੁਰਾਣੀ ਪੈਨਸ਼ਨ ਸਕੀਮ, ਜਿਹੜਾ ਸਰਕਾਰ ਨੇ ਵਾਅਦਾ ਕੀਤਾ ਸੀ। ਇਕ ਵਾਰ ਇਸ ਦਾ ਨੋਟੀਫਿਕੇਸ਼ਨ ਵੀ ਕਰ ਦਿੱਤਾ ਗਿਆ ਸੀ ਲੇਕਿਨ ਹਾਲੇ ਤੱਕ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਗਈ। ਚੋਣਾਂ ਵੇਲੇ ਮੌਜੂਦਾ ਸਰਕਾਰ ਨੇ ਲੋਕਾਂ ਨਾਲ ਬੜੇ ਵਾਅਦੇ ਕੀਤੇ, ਨਾਅਰੇ ਲਗਾਏ ਸੀ ਪਰ ਹਾਲੇ ਤੱਕ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਅਧਿਆਪਕਾਂ ਨੂੰ ਪੱਕਾ ਕਰਨ ਦੀ ਗੱਲ ਕੀਤੀ ਗਈ ਸੀ। ਚਾਹੇ ਸਿੱਖਿਆ ਪ੍ਰੋਵਾਈਡਰ ਹਨ, ਚਾਹੇ ਈ.ਜੀ.ਐਸ. ਹਨ, ਚਾਹੇ ਕੰਪਿਊਟਰ ਟੀਚਰ ਹਨ। ਉਨ੍ਹਾਂ ਵਿਚੋਂ ਕਈਆਂ ਦੀਆਂ ਤਨਖਾਹਾਂ ਤਾਂ ਵਧਾ ਦਿਤੀਆਂ, ਕਈਆਂ ਦੀਆਂ 18 ਹਜ਼ਾਰ ਕਈਆਂ ਦੀ 20 ਹਜ਼ਾਰ ਕਰ ਦਿੱਤੀ ਤੇ ਕਹਿ ਦਿੱਤਾ ਕਿ 58 ਸਾਲ ਦੀ ਉਮਰ ਤੱਕ ਤੁਹਾਨੂੰ ਕੋਈ ਨਹੀਂ ਹਟਾਏਗਾ ਲੇਕਿਨ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਗਿਆ। ਸੋ, ਇਸ ਬਾਰੇ ਵੀ ਸਰਕਾਰ ਸਥਿਤੀ ਸਪਸ਼ਟ ਕਰੇ। ਇਸ ਦੇ ਨਾਲ 350 ਅਧਿਆਪਕ ਅਜਿਹੇ ਹਨ, ਜਿਨ੍ਹਾਂ ਦੀ ਤਨਖਾਹ ਕੇਵਲ 6 ਹਜ਼ਾਰ ਹੈ। ਅੱਜ ਦੇ ਮਹਿੰਗਾਈ ਦੇ ਯੁੱਗ ਵਿਚ 6 ਹਜ਼ਾਰ ਨਾਲ ਇਕ ਅਧਿਆਪਕ ਕਿਸ ਤਰ੍ਹਾਂ ਗੁਜ਼ਾਰਾ ਕਰ ਸਕਦਾ ਹੈ। ਸੋ, ਬਾਕੀ ਮੁਲਾਜ਼ਮਾਂ ਨਾਲ ਵੀ ਜੋ ਸਰਕਾਰ ਨੇ ਵਾਅਦੇ ਕੀਤੇ ਸਨ। ਸਰਕਾਰ ਦੇ ਸਾਢੇ ਚਾਰ ਸਾਲ ਲੰਘ ਗਏ ਹਨ ਪਰ ਹਾਲੇ ਤੱਕ ਉਹ ਵਾਅਦੇ ਪੂਰੇ ਨਹੀਂ ਹੋਏ। ਜਿੰਨੇ ਵੀ ਮੁਲਾਜ਼ਮ ਹਨ, ਉਹ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ ਕਰਕੇ ਸਰਕਾਰ ਤੋਂ ਨਰਾਜ਼ ਹਨ। ਸੋ, ਸਰਕਾਰੀ ਮੁਲਾਜ਼ਮਾਂ ਦੀਆਂ ਮੰਗਾਂ, ਅਧਿਆਪਕਾਂ ਦੀਆਂ ਮੰਗਾਂ, ਡੀ.ਏ., ਪੁਰਾਣੀ ਪੈਨਸ਼ਨ ਸਕੀਮ ਆਦਿ ਮੰਗਾਂ ਨੂੰ ਸਰਕਾਰ ਤੁਰੰਤ ਮਨਜ਼ੂਰ ਕਰਕੇ ਹੱਲ ਕਰੇ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਬਹੁਤ ਮਹੱਤਵਪੂਰਨ ਗੱਲ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੂੰ ਲਿਖੀ ਮੇਰੀ ਚਿੱਠੀ ਤੇ ਕਾਗਨੀਜੈਂਸ ਲੈਂਦੇ ਹੋਏ ਈ.ਡੀ. ਨੇ 20.07.2026 ਨੂੰ ਵੱਖ ਵੱਖ ਥਾਵਾਂ ਤੇ ਛਾਪ ਮਾਰਿਆ। ਕੁੱਲ 16 ਥਾਵਾਂ ਤੇ ਛਾਪਾ ਮਾਰਿਆ। ਮੌਜੂਦਾ ਮੰਤਰੀ ਦੇ ਨਜ਼ਦੀਕੀ ਦੋ ਬੰਦੇ ਗ੍ਰਿਫ਼ਤਾਰ ਕੀਤੇ ਗਏ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ)**: ਨਾਂਅ ਹੀ ਲੈ ਦਿਓ, ਉਹ ਮੰਤਰੀ ਚਲਾ ਗਿਆ ਹੈ, ਇੱਥੇ ਨਹੀਂ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੋਈ ਗੱਲ ਨਹੀਂ। ਪੌਣੇ ਦੋ ਕਰੋੜ ਰੁਪਿਆ ਕੈਸ਼ ਫੜਿਆ ਗਿਆ। 91 ਲੱਖ 34 ਹਜ਼ਾਰ 322 ਰੁਪਏ ਉਸ ਦੇ ਬੈਂਕ ਖਾਤੇ ਵਿਚ ਫਰੀਜ਼ ਕੀਤੇ ਗਏ। ਜਿਹੜੇ ਦੋ ਤਿੰਨ ਸਟੋਨ ਕਰੱਸ਼ਰਜ਼ ਹਨ। ਸ੍ਰੀ ਸਾਈਂ ਸਟੋਨ ਕਰੱਸ਼ਰ ਅਤੇ ਸ਼ਿਵ ਸ਼ੰਕਰ ਸਟੋਨ ਕਰੱਸ਼ਰ। ਮੈਂ ਈ.ਡੀ. ਦੇ ਬਿਆਨ ਦਾ ਇਕ ਛੋਟਾ ਜਿਹਾ ਪੈਰ੍ਹਾ ਇੱਥੇ ਪੜ੍ਹਦਾ ਹਾਂ -

During the search operations, various incriminating documents relating to the illegal mining of sand and river bed material were recovered and seized from the searched premises. Unaccounted cash amounting to Rs.1.75 Crore was seized and further, freezing order on bank accounts with aggregate balance amounting to Rs. 91,34,322/- was issued under the provisions of Section 17(1A) of the PMLA, 2002.

The investigation under the provisions of the PMLA, 2002 was initiated on the basis of an FIR registered by the Police Station, Vigilance Bureau, Amritsar against Kuldeep Singh and eight other accused in connection with the illegal transfer of common village (Shamlat) land situated in Village Bhattian, Gol Panchayat, District Pathankot, to private individuals. The alleged land, on the banks of the Ravi River, is situated close to the International Border. The appointment of Kuldeep Singh as ADC (Rural Development), Pathankot was done on the recommendation of a minister of the state government four days before his superannuation. He passed the alleged order one day before his from superannuation from government service.

M/s Shree Sai Stone Crusher and Screener, M/s Shiv Shankar Stone Crusher, related entities, along with their key management personnel, who were involved in the illegal excavation of sand from the said land, were covered during the search operations.

The main finding against the individuals and the entities covered in the search is that they have illegally excavated/purchased/sold/transported sand/river-bed-material without proper authorisation and paying due taxes and royalty. The role of certain state government officials suspected to be involved in facilitating such illegal mining activity and for not taking any preventive/ corrective measures thereby causing huge loss to the state exchequer is also under investigation.

It was further revealed that trucks/ tippers/ excavators have been operating in the area rampantly during night time, some even without number plates, indicating an organized illegal mining operation.

ਸਰ, ਇੱਥੇ ਮਾਣਯੋਗ ਉੱਚ ਅਦਾਲਤ ਵਿਚ ਇਕ ਪੀ.ਆਈ.ਐਲ. ਪਈ ਹੈ। ਇਸੇ ਮੁਤਾਬਿਕ ਹੀ ਇਹ ਪੀ.ਆਈ.ਐਲ. ਪਾਈ ਗਈ ਹੈ A continuing Public Interest Litigation (CWP-22567-2012) related to the issue of mining in the border areas of Pathankot and Gurdaspur is also pending with the Hon'ble Punjab & Haryana High Court. The Hon'ble Court in its order had noted - "it is evident that mining in the border areas of Pathankot and Gurdaspur districts especially across Ravi river is detrimental to national security and any such activity results in facilitating the drug smugglers, terrorists and anti-national elements operating in the hinterland, nurtured and controlled by ISI."

ਹਾਈ ਕੋਰਟ ਕੀ ਕਹਿ ਰਿਹਾ ਹੈ........(ਵਿਘਨ)

**ਮਾਣਯੋਗ ਸਪੀਕਰ:** ਠੀਕ ਹੈ ਬਾਜਵਾ ਜੀ, ਤੁਹਾਡੀ ਗੱਲ ਹੋ ਗਈ ਹੈ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਬਿਨਾ ਇਜਾਜ਼ਤ ਲਗਾਤਾਰ ਬੋਲ ਰਹੇ ਸਨ ਅਤੇ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ ਜੀ। You have taken more than five minutes. ਮੈਂ ਹੋਰ ਸਮਾਂ ਨਹੀਂ ਦੇ ਸਕਦਾ। ਤੁਹਾਡਾ ਹੋ ਗਿਆ ਜੀ। Its done.

**ਡਾਕਟਰ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ)**: ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਅੰਮ੍ਰਿਤਸਰ ਦੇ ਇਕ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, Electro Machinised Automatice Multilevel Car Parking Facility ਅਪ੍ਰੈਲ, 2023 ਵਿਚ ਸ਼ੁਰੂ ਕੀਤੀ ਗਈ ਸੀ। ਇਹ ਪ੍ਰਾਜੈਕਟ ਬੜਾ ਅਹਿਮ ਪ੍ਰਾਜੈਕਟ ਹੈ। ਜਿਹੜੇ ਅੰਮ੍ਰਿਤਸਰ ਸਾਹਿਬ ਦੇ ਵੱਡੇ ਕਮਰਸ਼ੀਅਲ ਸਥਾਨ ਹਨ, ਜਿਵੇਂ ਹਾਲ ਬਾਜ਼ਾਰ, ਰਾਮ ਬਾਗ ਆਦਿ। ਇਹ ਸਾਰੇ ਜਿੰਨੇ ਕਮਰਸ਼ੀਅਲ ਅਦਾਰੇ ਹਨ, ਇਨ੍ਹਾਂ ਨੂੰ ਕਾਰ ਪਾਰਕਿੰਗ ਦੀ ਇਕ ਬੜੀ ਵੱਡੀ ਫੈਸਿਲਟੀ ਮਿਲਣੀ ਸੀ ਮਗਰ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪ੍ਰਾਜੈਕਟ 21 ਮਹੀਨਿਆਂ ਦੇ ਵਿਚ ਪੂਰਾ ਹੋਣਾ ਸੀ ਪਰ ਡਬਲ ਟਾਈਮ ਹੋ ਚੁੱਕਾ ਹੈ ਪਰ ਪ੍ਰਾਜੈਕਟ ਹਾਲੇ ਵੀ ਪੂਰਾ ਨਹੀਂ ਹੋਇਆ। ਇਸ ਦਾ ਕੋਈ ਅਤਾ ਪਤਾ ਨਹੀਂ ਹੈ। ਸੋ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਪੀਲ ਕਰਾਂਗਾ ਕਿ ਇਸ ਡਿਲੇਅ ਵਿਚ ਜਿਹੜੇ ਵੀ ਅਧਿਕਾਰੀ ਜ਼ਿੰਮੇਵਾਰ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਇਹ ਪ੍ਰਾਜੈਕਟ ਪੂਰਾ ਕੀਤਾ ਜਾਵੇ

**1105/amandeep kaur**

ਤਾਂ ਕਿ ਜਿਹੜੇ ਅੰਮ੍ਰਿਤਸਰ ਸ਼ਹਿਰ ਦੇ ਇੰਨੇ important commercial ਅਦਾਰੇ ਹਨ, ਉਨ੍ਹਾਂ ਅਦਾਰਿਆਂ ਨੂੰ ਰਾਹਤ ਮਿਲ ਸਕੇ ਅਤੇ ਟਰੈਫਿਕ ਦੀ ਸਮੱਸਿਆ ਖਤਮ ਹੋ ਸਕੇ।

**ਸ੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)** : ਧੰਨਵਾਦ ਸਪੀਕਰ ਸਾਹਿਬ, ਮੈਂ ਖੇਤੀਬਾੜੀ ਵਿਕਾਸ ਬੈਂਕ ਦੇ ਬਾਰੇ ਵਿੱਚ ਗੱਲ ਕਰਨੀ ਚਾਹੁੰਦਾ ਹਾਂ। ਇਸ ਦੇ ਵਿੱਚ 1130 ਕਰਮਚਾਰੀ ਪੈਨਸ਼ਨਰਜ਼ ਸਨ ਜਿਨ੍ਹਾਂ ਦੇ ਵਿੱਚੋਂ 450 ਵਿਧਵਾਵਾਂ ਨੂੰ ਫੈਮਿਲੀ ਪੈਨਸ਼ਨ ਮਿਲ ਰਹੀ ਹੈ ਅਤੇ 360 ਕਰਮਚਾਰੀਆਂ ਨੂੰ ਪੈਨਸ਼ਨ ਮਿਲ ਰਹੀ ਹੈ ਪਰ ਇਨ੍ਹਾਂ ਦੇ ਵਿੱਚੋਂ 147 ਕਰਮਚਾਰੀ ਜੋ ਕਿ 70 ਸਾਲ ਤੋਂ ਵੀ ਉੱਪਰ ਹੋ ਗਏ ਹਨ, ਉਨ੍ਹਾਂ ਨੂੰ ਹਾਲੇ ਤੱਕ ਕੋਈ ਪੈਨਸ਼ਨ ਨਹੀਂ ਲੱਗੀ। 147 ਕਰਮਚਾਰੀਆਂ ਦੇ ਵਿੱਚੋਂ 13 ਦੀ ਤਾਂ ਮੌਤ ਵੀ ਹੋ ਚੁੱਕੀ ਹੈ। ਮੁੱਖ ਮੰਤਰੀ ਸਾਹਿਬ ਦਾ ਇਹ ਮਹਿਕਮਾ ਹੈ, ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਆਸ ਵੀ ਕਰਦਾ ਹੈ ਕਿ ਇਨ੍ਹਾਂ 147 ਕਰਮਚਾਰੀਆਂ ਦੀ ਪੈਨਸ਼ਨ ਕਦੋਂ ਤੱਕ ਲੱਗ ਜਾਵੇਗੀ। ਮੈਂ ਸਮਝਦਾ ਹਾਂ ਕਿ 70 ਸਾਲ ਤੋਂ ਵੱਧ ਕਰਮਚਾਰੀਆਂ ਦੀ ਇਹ ਪੂਰਤੀ ਜ਼ਰੂਰ ਕੀਤੀ ਜਾਵੇ। ਇਹ ਸਿਰਫ 50 ਕਰੋੜ ਰੁਪਏ ਦਾ ਖਰਚਾ ਹੈ ਜਦਕਿ ਮਹਿਕਮਾ 150 ਕਰੋੜ ਰੁਪਏ ਦਾ ਖਰਚਾ ਦੱਸ ਕੇ ਗੁੰਮਰਾਹ ਕਰ ਰਿਹਾ ਹੈ। ਮੇਰੀ ਮੁੱਖ ਮੰਤਰੀ ਸਾਹਿਬ ਅੱਗੇ ਬੇਨਤੀ ਹੈ ਕਿ ਇਸ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ। ਧੰਨਵਾਦ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਸ਼ਹੀਦੀ ਜੋੜ ਮੇਲਾ ਦਸੰਬਰ ਦੇ ਵਿੱਚ ਮਨਾਇਆ ਜਾਂਦਾ ਹੈ ਪਰ ਉੱਥੇ ਆਉਣ ਦੇ ਲਈ 2-3 ਸੜ੍ਹਕਾਂ ਦਾ ਬਹੁਤ ਬੁਰਾ ਹਾਲ ਹੈ। ਕਾਰਨ ਇਹ ਹੈ ਕਿ ਚੁੰਨੀ ਤੋਂ ਬੀਰੋਮਾਜਰੀ ਸੜਕ ਜਿੱਥੋਂ ਦੀ ਬਹੁਤ ਟਰੈਫਿਕ ਹੋ ਕੇ ਨਿਕਲਦੀ ਹੈ ਉਥੇ ਭਾਰਤ ਮਾਲਾ ਪ੍ਰੋਜੈਕਟ ਚੱਲ ਰਿਹਾ ਹੈ ਅਤੇ ਉੱਥੋਂ ਹੈਵੀ ਵਹੀਕਲਜ਼ ਜਾਣ ਕਰਕੇ ਬਹੁਤ ਬੁਰਾ ਹਾਲ ਹੈ। ਅਸੀਂ ਰੇਟ ਰਿਵਾਈਜ਼ ਕਰਕੇ ਵੀ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਉਸ ਨੂੰ ਵੀ ਜਲਦੀ ਤੋਂ ਜਲਦੀ ਕਰਵਾਇਆ ਜਾਵੇ, ਇੱਕ ਸੜਕ ਘੁਮੰਡਗੜ੍ਹ ਤੋਂ ਰੁਪਾਲਹੇੜੀ ਤੱਕ ਜਾਂਦੀ ਹੈ ਜਿਹੜੀ ਕਿ ਬਹੇੜ, ਸਹਿਜਾਦਪੁਰ, ਸਿਵਦਾਸਪੁਰ, ਰੈਲੋਂ, ਡਡਿਆਣਾ, ਰੁਪਾਲਹੇੜੀ ਤੋਂ ਜਾਂਦੀ ਹੋਈ ਬਾਅਦ ਵਿੱਚ ਮੁਰਿੰਡਾ ਚੁੰਨੀ ਰੋਡ ਨੂੰ ਆ ਕੇ ਮਿਲ ਜਾਂਦੀ ਹੈ। ਜਦੋਂ ਆਪਾਂ ਚੰਡੀਗੜ੍ਹ ਤੋਂ ਜਾਂਦੇ ਹਾਂ ਤਾਂ ਜਿਹੜੀਆਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਮੱਥਾ ਟੇਕਣਾ ਹੁੰਦਾ ਹੈ ਤਾਂ ਉਸ ਲਈ ਟਰੈਫਿਕ ਡਾਈਵਰਟ ਕਰਨੀ ਪੈਂਦੀ ਹੈ ਪਰ ਉਹ ਇਨ੍ਹਾਂ ਰੋਡਜ਼ ਤੋਂ ਹੀ ਹੋ ਕੇ ਲੰਘਦੀ ਹੈ। ਮੈਂ ਪਿਛਲੀ ਵਾਰ ਵੀ ਇਹ ਮਸਲਾ ਧਿਆਨ ਦੇ ਵਿੱਚ ਲੈ ਕੇ ਆਇਆ ਸੀ, ਇਸ ਦਾ ਟੈਂਡਰ ਵੀ ਲੱਗ ਗਿਆ ਸੀ ਪਰ ਇਸ ਦਾ ਰੇਟ ਰਿਵਾਈਜ਼ ਹੋ ਗਿਆ। ਇਸ ਤੇ ਜ਼ਰੂਰ ਧਿਆਨ ਦਿੱਤਾ ਜਾਵੇ। ਦੂਸਰਾ, ਇਸ ਦੇ ਨਾਲ ਦਾ ਰੋਡ 14-15 ਕਿਲੋਮੀਟਰ ਪੈ ਜਾਂਦਾ ਹੈ। ਜਦੋਂ ਵੀ ਸੰਗਤ ਨੇ ਇੱਥੋਂ ਨਿਕਲਣਾ ਹੁੰਦਾ ਹੈ ਤਾਂ ਬੜੀ ਦਿੱਕਤ ਪਰੇਸ਼ਾਨੀ ਆਉਂਦੀ ਹੈ। ਮੇਰੀ ਬੇਨਤੀ ਹੈ ਕਿ ਇਸ ਵੱਲ ਧਿਆਨ ਦੇ ਕੇ ਜਲਦੀ ਤੋਂ ਜਲਦੀ ਰੋਡਜ਼ ਠੀਕ ਕਰਵਾਈਆਂ ਜਾਣ। ਮੇਰੇ ਹਲਕੇ ਵਿੱਚ ਬਹੁਤ ਸਾਰੀਆਂ ਰੋਡਜ਼ ਬਣ ਵੀ ਰਹੀਆਂ ਹਨ ਉਸ ਦੇ ਲਈ ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਆਪਣੇ ਹਲਕੇ ਦੀ ਗੱਲ ਕਰਨ ਦਾ ਮੌਕਾ ਦਿੱਤਾ ਹੈ। ਮੈਂ ਖਾਸ ਤੌਰ ਤੇ ਸੂਬੇ ਦੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਵਿੱਚ ਐਜੂਕੇਸ਼ਨ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ ਕਿਉਂਕਿ ਪੰਜਾਬ ਦੇ ਸਕੂਲਾਂ ਦੀਆਂ ਬਿਲਡਿੰਗਾਂ ਦੀ ਬਹੁਤ ਖਸਤਾ ਹਾਲਤ ਸੀ। ਤਕਰੀਬਨ ਸਾਢੇ 4 ਸਾਲ ਦੇ

ਅਰਸੇ ਦੇ ਵਿੱਚ ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਜਿਹੜੇ ਮੇਰੇ ਹਲਕੇ ਵਿੱਚ ਸਰਕਾਰੀ ਸਕੂਲ ਹਨ ਉਨ੍ਹਾਂ ਦੀਆਂ ਇਮਾਰਤਾਂ ਨੂੰ ਠੀਕ ਕਰਨ ਦੇ ਵਿੱਚ ਇਸ ਸਰਕਾਰ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਮੇਰੇ ਹਲਕੇ ਦੇ ਵਿੱਚ ਬਹੁਤ ਮਸ਼ਹੂਰ ਸਕੂਲ ਖੰਡਿਆਵਾਲਾ ਹੈ ਜਿਹੜਾ ਕਿ 10ਵੀਂ ਤੱਕ ਹੈ, ਉਸ ਦੀ ਵੀ ਇਮਾਰਤ ਵਾਸਤੇ ਸੀ.ਐਮ ਸਾਹਿਬ ਨੇ ਫੰਡ ਅਲਾਟ ਕੀਤੇ ਸੀ, ਇਮਾਰਤ ਬਣ ਚੁੱਕੀ ਹੈ। ਸਕੂਲ 10ਵੀਂ ਤੱਕ ਹੈ। ਮੈਂ ਮਾਣਯੋਗ ਸੀ.ਐਮ. ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਸਕੂਲ ਨੂੰ 12ਵੀਂ ਤੱਕ ਕੀਤਾ ਜਾਵੇ ਤਾਂਕਿ ਹਲਕੇ ਦੀਆਂ ਬੱਚੀਆਂ ਨੂੰ ਜਿਹੜਾ ਬਾਹਰ ਜਾ ਕੇ ਪੜ੍ਹਨਾ ਪੈਂਦਾ ਹੈ ਉਸ ਤੋਂ ਨਿਜਾਤ ਮਿਲੇਗੀ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"।।

**ਮਾਣਯੋਗ ਸਪੀਕਰ:** "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"।।

**1110/Tarlochan Singh**

**ਸਰਦਾਰ ਲਖਬੀਰ ਸਿੰਘ ਰਾਏ (ਫਤਿਹਗੜ੍ਹ ਸਾਹਿਬ)** : ਧੰਨਵਾਦ ਸਪੀਕਰ ਸਾਹਿਬ। ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਦੇ ਮਹਾਨ ਇਤਿਹਾਸ ਬਾਰੇ ਆਪਾਂ ਸਾਰੇ ਹੀ ਜਾਣਦੇ ਹਾਂ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਵੇਂ ਸ੍ਰੀ ਮੁਕਤਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਪੂਰੇ ਸਤਿਕਾਰ ਵਜੋਂ ਨਾਂ ਲਿਆ ਜਾਂਦਾ ਹੈ, ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਫਤਿਹਗੜ੍ਹ ਸਾਹਿਬ ਦੇ ਨਾਂ ਨਾਲ ਵੀ ਸ੍ਰੀ ਲਗਾਇਆ ਜਾਵੇ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਕੀਤਾ ਜਾਵੇ।

ਦੂਜੀ ਗੱਲ ਹੈ ਕਿ ਸਰਹਿੰਦ ਵਿਖੇ ਰੇਲਵੇ ਨੇ ਫਲਾਈ ਓਵਰ ਬਣਾਇਆ ਹੈ ਜਿਸ ਨਾਲ ਸਰਹਿੰਦ ਦੇ ਦੋ ਹਿੱਸੇ ਬਣ ਗਏ ਹਨ। ਬਾਹਮਣਮਾਜਰਾ ਜੋ ਕਿ ਸਰਹਿੰਦ ਦਾ ਮੇਨ ਏਰੀਆ ਹੈ, ਉਥੋਂ ਦੇ ਲੋਕ ਜਦੋਂ ਸ਼ਮਸ਼ਾਨ ਘਾਟ ਜਾਂਦੇ ਹਨ ਤਾਂ ਰੇਲਵੇ ਪਾਰ ਕਰਕੇ ਜਾਣਾ ਪੈਂਦਾ ਹੈ, ਉਥੇ RUB (Railway Under Bridge) ਬਣਨਾ ਹੈ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਪੰਜਾਬ ਸਰਕਾਰ ਨੇ ਆਪਣੀ ਮੈਚਿੰਗ ਗਰਾਂਟ ਦਿੱਤੀ ਹੈ ਪਰ ਸੈਂਟਰ ਕੋਈ ਨਾ ਕੋਈ ਬਹਾਨਾ ਲਗਾ ਕੇ ਇਸ ਕੰਮ ਨੂੰ ਰੋਕ ਰੱਖਦਾ ਹੈ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਉਹ RUB ਛੇਤੀ ਤੋਂ ਛੇਤੀ ਚਾਲੂ ਕੀਤਾ ਜਾਵੇ ਤਾਂ ਜੋ ਸਾਡੇ ਲੋਕਾਂ ਨੂੰ ਸਹੂਲਤ ਮਿਲ ਸਕੇ। ਬਹੁਤ ਧੰਨਵਾਦ ਜੀ।

-------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਲਾਇਲਪੁਰਾ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਉ ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

-------

## MATTER RAISED DURING ZERO HOUR AND STATEMENT BY THE CHIEF MINISTER THEREON (*Resumption*)

(ਇਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਆਉਣ ਵਾਲੇ ਪੈਡੀ ਸੀਜ਼ਨ ਵੱਲ ਦਿਵਾਉਣਾ ਚਾਹੁੰਦਾ ਹਾਂ। ਪੈਡੀ ਇਸ ਵਾਰ ਫਿਰ ਮੰਡੀਆਂ ਵਿੱਚ ਰੁਲੇਗੀ ਕਿਉਂਕਿ ਪਿਛਲੇ ਸਾਲ ਦੀ 30% ਤੋਂ 40% milling ਸੈਲਰਾਂ ਵਿੱਚ ਪਈ ਹੈ। ਸਪੇਸ ਦੀ ਪ੍ਰਾਬਲਮ ਹੈ। ਰੋਜ਼ ਦੀਆਂ 40 ਤੋਂ 50 ਮਾਲ ਗੱਡੀਆਂ ਚਾਹੀਦੀਆਂ ਹਨ ਪਰੰਤੂ ਸਿਰਫ 4 ਜਾਂ 5 ਆ ਰਹੀਆਂ ਹਨ। ਸੋ, ਮੈਂ ਸਰਕਾਰ ਨੂੰ ਜਗਾਉਣਾ ਚਾਹੁੰਦਾ ਹਾਂ ਕਿ ਜਾਗੋ। ਮਾਲਗੱਡੀਆਂ ਦਾ ਇੰਤਜ਼ਾਮ ਕਰੋ, ਸਪੇਸ ਦਾ ਇੰਤਜ਼ਾਮ ਕਰੋ ਨਹੀਂ ਤਾਂ ਕਿਸਾਨ ਦੀ ਪੈਡੀ ਅਗਲੇ ਸਾਲ ਫਿਰ ਰੁਲੇਗੀ। ਇਸ ਪਾਸੇ ਧਿਆਨ ਦਿੱਤਾ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇੱਕ ਮਿੰਟ ਜੀ। ਬਹੁਤ ਦੇਰ ਤੋਂ ਬੇਨਤੀ ਕਰ ਰਿਹਾ ਹਾਂ। ਪ੍ਰਸ਼ਨ ਕਾਲ ਵਿੱਚ ਵੀ ਮੈਂ ਕਿਹਾ ਸੀ ਕਿ ਬਹੁਤ ਇੰਪਾਰਟੈਂਟ ਇਸ਼ੂ ਹੈ।

**ਮਾਣਯੋਗ ਸਪੀਕਰ** : ਪੁਰੀ ਸਾਹਿਬ।

**Sardar Sukhpal Singh Khaira** : Just one minute, ji. ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਣਯੋਗ ਸਪੀਕਰ** : ਪਿਆਰੇ ਮੈਂਬਰ ਸਾਹਿਬ, ਇਹ ਕਿਹੜਾ ਰੂਲ ਹੈ ਕਿ ਇਕੱਲਾ ਆਪਾਂ ਹੀ ਬੋਲਣਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, ਮੈਂ ਸਵੇਰ ਤੋਂ ਕਿੱਥੇ ਬੋਲਿਆਂ ਹਾਂ?

**ਮਾਣਯੋਗ ਸਪੀਕਰ** : ਬੈਠੋ ਜੀ। ਤੁਹਾਨੂੰ ਹਰ ਵੇਲੇ ਮੌਕਾ ਮਿਲਦਾ ਹੈ। ਪਲੀਜ਼ ਹੁਣ ਬੈਠੋ ਜੀ। ਪੁਰੀ ਸਾਹਿਬ ਵੀ ਤੁਹਾਡੇ ਨਾਲ ਦੇ ਹੀ ਹੈ। ਇਨ੍ਹਾਂ ਨੂੰ ਮੌਕਾ ਦੇ ਦੇਈਏ। ਪੁਰੀ ਸਾਹਿਬ ਬੋਲੋ ਜੀ।

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ)** : ਧੰਨਵਾਦ ਸਪੀਕਰ ਸਾਹਿਬ। ਮੈਂ ਤੁਹਾਡਾ ਆਪਣੇ ਹਲਕੇ ਦੇ ਧਾਰ ਬਲਾਕ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਰ, ਜੰਗਲਾਤ ਮੰਤਰੀ ਸਾਹਿਬ ਵੀ ਬੈਠੇ ਹਨ। ਉਥੇ ਇੱਕ ਕਿਸਾਨ ਦਾ ਅਤੇ ਜੰਗਲਾਤ ਵਿਭਾਗ

ਦਾ ਕੇਸ ਚੱਲਦਾ ਸੀ। ਉਹ ਕਿਸਾਨ ਕੇਸ ਹਾਰ ਗਿਆ ਅਤੇ ਉਸ ਦੀ ਬਿਨਾਹ ਤੇ ਹੀ ਸਾਰੇ ਕਿਸਾਨਾਂ ਦੇ ਨਾਲ ਧੱਕਾ ਹੋ ਗਿਆ ਹੈ ਉਨ੍ਹਾਂ ਦੇ ਇੰਤਕਾਲ ਟੁੱਟ ਗਏ ਹਨ ਅਤੇ ਮਾਲਕੀ ਹੱਕਾਂ ਤੋਂ ਬਦਲ ਕੇ ਉਨ੍ਹਾਂ ਨੂੰ ਕਾਸ਼ਤਕਾਰ ਬਣਾ ਦਿੱਤਾ ਗਿਆ ਹੈ। ਮੈਂ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇੱਕ ਕਮੇਟੀ ਬਣਾਈ ਜਾਵੇ ਅਤੇ ਕਿਸਾਨਾਂ ਦੀ ਜ਼ਮੀਨ ਵਾਪਸ ਦਿਵਾਈ ਜਾਵੇ। ਇਹ 27500 ਏਕੜ ਜ਼ਮੀਨ ਹੈ ਜਿਹੜੀ ਕਿ ਕਿਸਾਨਾਂ ਦੀ ਚਲੀ ਗਈ ਹੈ। ਇਸ ਵੱਲ ਧਿਆਨ ਦਿੱਤਾ ਜਾਵੇ ਜੀ।

## REQUEST BY THE HON'BLE SPEAKER TO THE HON'BLE CHIEF MINISTER

**ਮਾਣਯੋਗ ਸਪੀਕਰ** : ਧੰਨਵਾਦ ਜੀ। ਮੁੱਖ ਮੰਤਰੀ ਸਾਹਿਬ, ਤੁਹਾਨੂੰ ਇੱਕ ਬੇਨਤੀ ਹੈ, ਗੁਜ਼ਾਰਿਸ਼ ਹੈ ਕਿ 60 ਕੁ ਸਾਲਾਂ ਤੋਂ ਜ਼ਮੀਨਾਂ ਜਿਹੜੀਆਂ ਕਿ ਪੰਚਾਇਤ ਦੇ ਨਾਂ ਨਹੀਂ ਹਨ, ਪੁਰਾਣੀਆਂ ਰਿਆਸਤਾਂ ਵੇਲੇ ਦੀਆਂ ਲੋਕਾਂ ਨੂੰ ਦਿੱਤੀਆਂ ਹੋਈਆਂ ਹਨ। ਇਨ੍ਹਾਂ ਜ਼ਮੀਨਾਂ ਦੀ ਕਿਤੇ ਵੀ ਪੰਚਾਇਤ ਦੀ ਐਂਟਰੀ ਨਹੀਂ ਹੈ। ਪੰਜਾਬ ਵਿੱਚ ਕਾਫੀ ਜਗ੍ਹਾ ਤੇ ਉਹ ਜ਼ਮੀਨਾਂ ਪਈਆਂ ਹਨ ਅਤੇ ਇਸ ਸਬੰਧੀ ਪਹਿਲਾਂ ਵੀ ਪਰਪੋਜ਼ਲ ਆਈ ਹੈ। ਪਿਛਲੀ ਸਰਕਾਰ ਨੇ ਕੁਝ ਕੁ ਪਿੰਡਾਂ ਦੀਆਂ ਜ਼ਮੀਨਾਂ ਉਨ੍ਹਾਂ ਕਾਸ਼ਤਕਾਰਾਂ ਦੇ ਨਾਂ ਕਰ ਦਿੱਤੀਆਂ ਸਨ ਜਿਹੜੇ ਕਿ ਪਿਛਲੇ 40-50 ਸਾਲ ਤੋਂ ਕਾਸ਼ਤ ਕਰ ਰਹੇ ਸਨ। ਜੇਕਰ ਤੁਸੀਂ ਇਹ ਵੀ ਕਰ ਦਿਉ ਤਾਂ ਬਹੁਤ ਵੱਡੀ ਰਾਹਤ ਹੋਵੇਗੀ। ਇਹ ਕਾਸ਼ਤਕਾਰ ਪੀੜ੍ਹੀਆਂ ਤੋਂ ਜ਼ਮੀਨਾਂ ਵਾਹੁੰਦੇ ਆ ਰਹੇ ਹਨ, ਇਹ ਜ਼ਮੀਨਾਂ ਪੰਚਾਇਤ ਦੇ ਨਾਂ ਨਹੀਂ ਹਨ ਸਗੋਂ ਸਿਰਫ ਵਿਭਾਗ ਉਸ ਨੂੰ ਅੱਗੇ ਤਾਰੀਕਾਂ ਦੇਈ ਜਾਂਦਾ ਹੈ। ਇਸ ਵੱਲ ਵੀ ਜ਼ਰੂਰ ਧਿਆਨ ਰੱਖਿਉ ਜੀ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਜਿਹੜਾ ਤੁਸੀਂ ਜ਼ੀਰੋ ਆਵਰ ਦੌਰਾਨ ਮੇਰੇ ਧਿਆਨ ਵਿੱਚ ਲਿਆਂਦਾ ਹੈ, ਇਸ ਸਬੰਧੀ ਮੈਂ ਵਿਭਾਗ ਤੋਂ ਸਾਰਾ ਡਾਟਾ ਲੈ ਲੈਂਦਾ ਹਾਂ। ਜੋ ਵੀ ਲੋਕ ਪੱਖੀ ਫ਼ੈਸਲਾ ਹੋਵੇਗਾ, ਕਰ ਦਿਆਂਗੇ। (ਥੰਪਿੰਗ)

**ਮਾਣਯੋਗ ਸਪੀਕਰ** : ਬਹੁਤ ਧੰਨਵਾਦ ਜੀ। ਤੁਹਾਡੇ ਲੋਕ ਪੱਖੀ ਫ਼ੈਸਲਿਆਂ ਕਾਰਨ ਲੋਕ ਅਸੀਸਾਂ ਦੇ ਰਹੇ ਹਨ। ਬਹੁਤ ਧੰਨਵਾਦ ਜੀ।

**ਰਾਣਾ ਗੁਰਜੀਤ ਸਿੰਘ** : Nazul land ਵੀ ਕਰ ਦਿੱਤੀ ਜਾਵੇ ਜੀ।

**ਮਾਣਯੋਗ ਸਪੀਕਰ** : ਤੁਸੀਂ ਮਿਲ ਕੇ ਦੱਸ ਦਿਉ ਜੀ। ਮੁੱਖ ਮੰਤਰੀ ਸਾਹਿਬ ਤੁਹਾਡੀ ਤਾਂ ਬਹੁਤ ਸੁਣਦੇ ਹਨ।

------s

## MATTER RAISED DURING ZERO HOUR AND STATEMENT BY THE CHIEF MINISTER THEREON (*Resumption*)

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)** : ਧੰਨਵਾਦ ਸਪੀਕਰ ਸਾਹਿਬ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ 40 ਸਾਲਾਂ ਬਾਅਦ ਜਮ੍ਹਾਂ ਟੇਲ ਤੇ ਪਾਣੀ ਪਹੁੰਚਾ ਦਿੱਤਾ ਹੈ। (ਥੰਪਿੰਗ) ਅੱਜ ਉਹ ਲੋਕ ਜਿਨ੍ਹਾਂ ਨੇ ਖਾਲ ਢਾਹ ਦਿੱਤੇ ਸਨ, ਕੱਸੀਆਂ ਵਿੱਚ ਪਾਣੀ ਨਹੀਂ ਦੇਖਿਆ ਸੀ, ਉਥੇ ਪਾਣੀ ਆ ਗਿਆ ਹੈ ਤੇ ਲੋਕ ਅਸੀਸਾਂ ਦਿੰਦੇ ਹਨ। ਪਰ ਮੇਰੇ ਹਲਕੇ ਦੀ ਇੱਕ ਤ੍ਰਾਸਦੀ ਹੈ ਕਿ ਸਾਨੂੰ ਭਾਖੜਾ ਦੇ ਟੋਹਾਣਾ ਹੈੱਡ ਤੋਂ 400 ਕਿਊਸਿਕ ਪਾਣੀ ਮਿਲਦਾ ਹੈ ਜਿਹੜਾ ਕਿ ਮੁੱਖ ਮੰਤਰੀ ਸਾਹਿਬ ਨੇ 50 ਸਾਲਾਂ ਬਾਅਦ ਉਨ੍ਹਾਂ ਤੋਂ ਲਿਆ ਹੈ। ਪਹਿਲਾਂ ਇਹ 400 ਕਿਊਸਿਕ ਪਾਣੀ ਹਰਿਆਣਾ ਹੀ ਵਰਤੀ ਜਾਂਦਾ ਸੀ। ਆਪਣੀ ਸਰਕਾਰ ਆਉਣ ਤੋਂ ਬਾਅਦ ਇਹ ਪਾਣੀ ਮੇਰੇ ਹਲਕੇ ਨੂੰ ਦਿੱਤਾ ਗਿਆ। ਪਰ ਹੁਣ ਫਿਰ ਹਰਿਆਣਾ ਅਤੇ ਬੀ.ਬੀ.ਐਮ.ਬੀ. ਸ਼ਰਾਰਤ ਕਰਦਾ ਹੈ ਅਤੇ ਉਥੋਂ ਜਿਹੜਾ 400 ਕਿਊਸਿਕ ਪਾਣੀ ਸਰਦੂਲਗੜ੍ਹ ਹਲਕੇ ਨੂੰ, ਤਲਵੰਡੀ ਸਾਬੋ ਹਲਕੇ ਨੂੰ ਅਤੇ ਨਾਲ ਹੀ ਹਰਿਆਣਾ ਦੇ ਰੋੜੀ, ਕਾਲਿਆਂਵਾਲੀ, ਡੱਬਵਾਲੀ ਹਲਕੇ ਨੂੰ ਪਾਣੀ ਜਾਂਦਾ ਹੈ, ਹੁਣ ਉਹ ਰੋਕ ਲਿਆ ਜਾਂਦਾ ਹੈ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਟੋਹਾਣਾ ਹੈੱਡ ਤੋਂ ਸਖਤੀ ਨਾਲ ਸਾਡਾ 400 ਕਿਊਸਿਕ ਦਾ ਬਣਦਾ ਹੱਕ ਲਗਾਤਾਰ ਜਾਰੀ ਰਹੇ।

**1115/mehak**

ਜੇ ਸਾਡਾ ਉੱਥੋਂ ਪਾਣੀ ਬੰਦ ਕਰਦੇ ਹਨ ਤਾਂ ਪਟਿਆਲੇ ਤੋਂ ਵੀ ਉਨ੍ਹਾਂ ਦਾ ਬੰਦ ਕੀਤਾ ਜਾਵੇ। ਸਾਡੇ ਹੱਕ ਤੇ ਡਾਕਾ ਨਾ ਪਵੇ। ਮੈਂ ਦੁਬਾਰਾ ਫਿਰ ਧੰਨਵਾਦ ਕਰਦਾ ਹਾਂ ਕਿ ਅਸੀਂ 40 ਸਾਲਾਂ ਬਾਅਦ ਪਾਣੀ ਦੇਖਿਆ ਹੈ ਤੇ ਅੱਜ ਕਿਸਾਨਾਂ ਨੂੰ ਪਾਣੀ ਦੀਆਂ ਵਾਰੀਆਂ ਯਾਦ ਆ ਗਈਆਂ ਤੇ ਖਾਲੇ ਯਾਦ ਆ ਗਏ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ ਬੈਠੇ):** ਸਰ, ਇੱਧਰ ਵੀ ਦੇਖ ਲਓ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾ ਬੱਸੀ)**: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਮੇਰੀ ਵੀ 64 ਸਾਲ ਦੀ ਉਮਰ ਹੈ ਤੇ ਅਸੀਂ ਟੇਲਾਂ ਤੱਕ ਪਾਣੀ ਨਹੀਂ ਦੇਖਿਆ ਸੀ। ਬੜੀਆਂ ਸਰਕਾਰਾਂ ਆਈਆਂ ਤੇ ਬੜੀਆਂ ਗਈਆਂ। ਪਰ ਮੁੱਖ ਮੰਤਰੀ ਸਾਹਿਬ, ਡੇਰਾ ਬੱਸੀ ਵਾਲੇ ਲੋਕਾਂ ਦੀ ਇੱਕ ਅਪੀਲ ਹੈ ਕਿ ਸਾਨੂੰ ਨਹਿਰੀ ਪਾਣੀ ਦੇ ਦਿਓ, ਸਾਡੇ ਕੋਲ ਪੀਣ ਲਾਇਕ ਪਾਣੀ ਨਹੀਂ ਰਿਹਾ ਹੈ। ਪੰਜਾਬ ਦੇ ਲੋਕ ਵਾਹ-ਵਾਹ ਕਰਦੇ ਹਨ, ਤੁਹਾਨੂੰ ਲੋਕ ਪਾਣੀ ਦੇ ਦੇਵਤਾ ਮੰਨਦੇ ਹਨ। ਮੁੱਖ ਮੰਤਰੀ ਸਾਹਿਬ, ਜਿਹੜਾ ਮੇਰਾ ਹਲਕਾ ਹੈ, ਡੇਰਾਬੱਸੀ, ਲਾਲੜੂ, ਹੰਡੇਸਰਾ, ਜ਼ੀਰਕਪੁਰ ਵਿੱਚ 100 ਪਿੰਡ ਹਨ ਤੇ ਸਾਡਾ ਵਾਟਰ ਲੈਵਲ 1300 ਫੁੱਟ ਪਰ ਚਲਾ ਗਿਆ ਹੈ ਔਰ ਪੀਣੇ ਜੋਗਾ ਪਾਣੀ ਭੀ ਨਹੀਂ ਹੈ ਹਮਾਰੇ ਪਾਸ। ਮੁੱਖ ਮੰਤਰੀ ਸਾਹਿਬ, ਅੱਜ ਮੈਨੂੰ ਆਸ ਹੈ ਕਿ ਜਿੱਥੇ ਤੁਸੀਂ ਸਾਰੇ ਪੰਜਾਬ ਲਈ ਪਾਣੀ ਦੇ ਦੇਵਤਾ ਹੋ ਤੇ ਡੇਰਾ ਬੱਸੀ ਲਈ ਵੀ ਜ਼ਰੂਰ ਨਹਿਰੀ ਪਾਣੀ ਦਾ, ਪੀਣ ਵਾਲੇ ਪਾਣੀ ਦਾ ਕੋਈ ਨਾ ਕੋਈ ਪ੍ਰਬੰਧ ਕਰੋ। ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।। ਆਹ ਪੁਆਧੀ ਮੇਂ ਜੋ ਬਾਤ ਬੋਲੀ ਸੈ ਨਾ, ਇਹ ਸੁਣੀ ਜਾਏ।

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ)**: ਧੰਨਵਾਦ, ਸਪੀਕਰ ਸਾਹਿਬ। ਮੈਂ ਇੱਕ ਵਿਸ਼ੇਸ਼ ਮੁੱਦੇ ਤੇ ਧਿਆਨ ਲੈ ਕੇ ਜਾਣਾ ਚਾਹੁੰਦਾ ਹਾਂ, ਉਹ ਹੈ ਐਸ.ਆਈ.ਆਰ. ਦਾ ਮੁੱਦਾ । ਲੱਖਾਂ ਦੇ ਹਿਸਾਬ ਨਾਲ ਪੰਜਾਬ ਵਿੱਚੋਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਸਾਨੂੰ ਲੜ ਕੇ ਹਰ ਇਨਸਾਨ ਨੂੰ ਵੋਟਾਂ ਦਾ ਅਧਿਕਾਰ ਲੈ ਕੇ ਦਿੱਤਾ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਵਿਰੋਧੀ ਬੈਠੇ ਹਨ, ਇਹ ਇਨ੍ਹਾਂ ਗੱਲਾਂ ਤੇ ਨਹੀਂ ਆਉਣਗੇ ਕਿਉਂਕਿ ਇਨ੍ਹਾਂ ਦੀ ਸਾਂਝ ਉਨ੍ਹਾਂ ਦੇ ਨਾਲ ਹੈ। ਹੁਣ ਬੀ.ਜੇ.ਪੀ. ਦੇ ਇੱਕ ਲੀਡਰ ਦੀ ਵੀਡਿਓ ਵਾਇਰਲ ਹੋਈ, ਉਹ ਕਹਿੰਦੀ ਕਿ ਵੀਹ-ਵੀਹ ਹਜ਼ਾਰ ਵੋਟਾਂ ਕਟਾਓ ਤੇ ਐਮ.ਐਲ.ਏ. ਬਣੋ। ਇਨ੍ਹਾਂ ਨੂੰ ਪੁੱਛੋ ਕਿ ਇਸ ਗੱਲ ਦਾ ਕੋਈ ਜਵਾਬ ਹੈ। ਮੈਂ ਦੋ ਮਿੰਟਾਂ ਵਿੱਚ ਤਿੰਨ ਸਵਾਲ ਕਰਾਂਗਾ, ਪੂਰੇ ਕਰਨ ਦਿਓ। ਦੂਜੀ ਗੱਲ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਗਲੇ ਮਹੀਨੇ ਬਟਾਲੇ ਵਿਖੇ ਵਿਆਹ ਹੈ ਤੇ ਪੁਰਾਣੀਆਂ ਸਰਕਾਰਾਂ ਵੇਲੇ ਉੱਥੇ ਸੀਵਰੇਜ਼ ਦਾ ਕੰਮ ਹੋਇਆ ਸੀ। ਜਦੋਂ ਬਰਸਾਤ ਆਉਂਦੀ ਹੈ ਤਾਂ ਉੱਥੇ ਪਾਣੀ ਇਕੱਠਾ ਹੋ ਜਾਂਦਾ ਹੈ ਤੇ ਵਿਰੋਧੀ ਕਾਂਗਰਸੀ, ਅਕਾਲੀ, ਬੀ.ਜੇ.ਪੀ. ਵਾਲੇ ਉਹੀ ਸੀਵਰੇਜ ਦੀਆਂ ਫੋਟੋਆਂ ਪਾ ਕੇ ਕਹਿ ਦਿੰਦੇ ਹਨ ਕਿ ਪਾਣੀ ਇਕੱਠਾ ਹੋਇਆ ਪਿਆ ਹੈ। ਇਹ ਦੇਖੋ ਜੀ ਵਿਕਾਸ। ਮੈਂ ਚੀਮਾ ਸਾਹਿਬ ਨੂੰ ਕਹਾਂਗਾ ਕਿ ਇਹ ਜੈਕਟ ਮਾੜੀ ਜਿਹੀ ਉੱਥੇ ਝਾੜ ਦੇਣ ਤਾਂ ਸਾਡਾ ਸੀਵਰੇਜ ਦਾ ਕੰਮ ਹੋ ਜਾਵੇਗਾ।

ਇਸ ਦੇ ਨਾਲ ਹੀ ਜਿਹੜੇ ਐਨ.ਆਰ.ਆਈ. ਲੋਕ ਬਾਹਰ ਚਲੇ ਜਾਂਦੇ ਹਨ, ਭਾਰਤ ਸਰਕਾਰ ਵੱਲੋਂ ਆਰ.ਸੀ. ਦੀ ਟ੍ਰਾਂਸਫਰ ਸਬੰਧੀ ਜਿਹੜੀਆਂ ਨਵੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਬੜੀ ਸੋਧ ਕਰਨ ਦੀ ਜ਼ਰੂਰਤ ਹੈ। ਮੇਰੇ ਕੋਲ ਮੰਗ ਪੱਤਰ ਵੀ ਹੈ ਤੇ ਮੈਂ ਚਾਹੁੰਦਾ ਹਾਂ ਕਿ ਇਹ ਆਪ ਜੀ ਨੂੰ ਫੜਾ ਦਿਆਂ ਤਾਂ ਕਿ ਜਿਹੜੇ ਗੱਡੀਆਂ ਟ੍ਰਾਂਸਫਰ ਕਰਦੇ ਹਨ ਜਾਂ ਸੈਕਿੰਡ ਹੈਂਡ ਵੇਚਦੇ ਹਨ ਤਾਂ ਉਨ੍ਹਾਂ ਨੂੰ ਮੁਸ਼ਕਿਲ ਨਾ ਆ ਸਕੇ। ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)**: ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸੀ.ਐਮ. ਸਾਹਿਬ ਬੈਠੇ ਹਨ, ਸਭ ਤੋਂ ਪਹਿਲਾਂ ਤਾਂ ਮੈਂ ਇਨ੍ਹਾਂ ਦਾ ਧੰਨਵਾਦ ਕਰਦੀ ਹਾਂ ਕਿ ਮੇਰਾ ਹਲਕਾ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦਾ ਏਰੀਆ ਜਿੱਥੇ ਬਹੁਤ ਸਾਰੇ ਕੰਮ, ਬਹੁਤ ਸਾਰੇ ਪ੍ਰੋਜੈਕਟ ਬੜੇ ਲੰਮੇ ਸਮੇਂ ਤੋਂ ਅਧੂਰੇ ਪਏ ਸੀ। ਪਿਛਲੀ ਦਿਨੀਂ ਕੁਝ ਸਮਾਂ ਪਹਿਲਾਂ ਸੀ.ਐਮ. ਸਾਹਿਬ ਖੁਦ ਗਏ ਤੇ ਤਹਿਸੀਲ ਕੰਪਲੈਕਸ ਦਾ ਇਨ੍ਹਾਂ ਨੇ ਉਦਘਾਟਨ ਕੀਤਾ ਜਿਸ ਲਈ ਇਨ੍ਹਾਂ ਦਾ ਵਿਸ਼ੇਸ਼ ਧੰਨਵਾਦ ਹੈ। ਸਾਡਾ ਤਲਵੰਡੀ ਸਾਬੋ ਦਾ ਹਸਪਤਾਲ ਜਿਹੜਾ ਕਿ ਇੱਕ ਸਮੇਂ ਤੇ ਆ ਕੇ ਖੰਡਰ ਬਣ ਚੁੱਕਾ ਸੀ। ਉਸ ਹਸਪਤਾਲ ਵਿੱਚ ਜਦੋਂ ਦੀ ਆਪਣੀ ਸਰਕਾਰ ਬਣੀ ਹੈ, ਸੀ.ਐਮ. ਸਾਹਿਬ ਦੇ ਸਦਕਾ ਹਸਪਤਾਲ ਦਾ

ਬਹੁਤ ਸੋਹਣਾ ਕੰਮ ਹੋਇਆ ਹੈ। ਮੈਂ ਵੇਖਿਆ ਕਿ ਤਲਵੰਡੀ ਸਾਬੋ ਦੀ ਧਰਤੀ ਜਿਹੜੀ ਕਿ ਪਿਛਲੇ ਕਾਫੀ ਸਮੇਂ ਤੋਂ ਆਪਣੀ ਸਰਕਾਰ ਆਉਣ ਤੋਂ ਪਹਿਲਾਂ ਲਗਾਤਾਰ ਬਾਕੀ ਸਰਕਾਰਾਂ ਦੀ ਟੈਨਿਉਰ ਵਿੱਚ ਇਗਨੋਰ ਕੀਤੀ ਗਈ ਸੀ ਤੇ ਕੋਈ ਕੰਮ ਨਹੀਂ ਹੋਇਆ ਸੀ। ਇਸ ਲਈ ਮੇਰਾ ਧੰਨਵਾਦ ਹੈ ਕਿ ਉੱਥੇ ਇੰਨਾ ਕੰਮ ਹੋ ਗਿਆ ਹੈ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਧੰਨਵਾਦ ਜੀ। ਕਪੂਰਥਲੇ ਦਾ ਇੱਕ ਬੜਾ ਅਹਿਮ ਮਸਲਾ ਹੈ ਕਿ ਲਗਭਗ 8.5 ਕਰੋੜ ਰੁਪਏ ਸੜਕਾਂ ਬਣਾਉਣ ਲਈ ਭੇਜਿਆ ਗਿਆ ਸੀ। ਉਸ ਦੇ ਟੈਂਡਰ ਲਗਾਏ ਗਏ ਤੇ ਜਿਹੜੇ ਟੈਂਡਰ ਲਗਾਏ ਗਏ ਉਨ੍ਹਾਂ ਵਿੱਚ ਬੜੀਆਂ discrepancies ਸਨ। ਉਨ੍ਹਾਂ ਸ਼ਰਤਾਂ ਨੂੰ ਇਗਨੋਰ ਕਰਕੇ ਉਹ ਟੈਂਡਰ RTP Enterprises ਨੂੰ ਅਲਾਟ ਕਰ ਦਿੱਤੇ ਗਏ। ਇਸੇ ਤਰ੍ਹਾਂ ਕਪੂਰਥਲੇ ਦੇ ਹੋਰ ਹਲਕੇ ਵੀ ਹਨ ਕਿ ਜਿਹੜਾ ਉਨ੍ਹਾਂ ਦੀ ਸਹੀ ਐਸਟੀਮੇਟ ਸੀ। ਉਸ ਦੇ ਨਾਲ 0.001%ਘੱਟ ਦਿੱਤੇ, ਟੈਂਡਰ ਦੇ ਦਿੱਤਾ, ਸਾਨੂੰ ਕੋਈ ਇਤਰਾਜ਼ ਨਹੀਂ ਲੇਕਿਨ ਇਹ ਫਰਜ਼ੀ ਕੰਪਨੀਆਂ, ਫਰਜ਼ੀ ਦਾ ਮਤਲਬ ਕਿ ਉਹ ਸ਼ਰਤਾਂ ਪਾਸ ਨਹੀਂ ਕਰਦੀਆਂ ਸੀ ਅਤੇ ਮੈਨੂੰ ਇੱਥੇ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਇਸ ਵਿੱਚ 10% ਪੈਸਾ ਪੁਲੀਟੀਕਲ ਕੱਟ ਲੱਗਿਆ ਹੈ। ਮੇਰੀ ਗੱਲ ਗਲਤ ਵੀ ਹੋ ਸਕਦੀ ਹੈ ਲੇਕਿਨ ਇਸ ਦੀ ਵਿਜੀਲੈਂਸ ਤੋਂ ਜਾਂਚ ਜ਼ਰੂਰ ਕਰਵਾਓ। ਜਦੋਂ ਅਫਸਰਾਂ ਨੂੰ ਸ਼ਿਕਾਇਤ ਕੀਤੀ ਤਾਂ ਉਨ੍ਹਾਂ ਨੇ ਕੈਂਸਲ ਕਰ ਦਿੱਤਾ, ਇਸ ਦਾ ਮਤਲਬ ਹੈ ਕਿ ਚੋਰ ਹੈ, ਕੌਣ ਚੋਰ ਹੈ? ਉਹ ਫੜਿਆ ਜਾਵੇ।

**1120/Sukhpiar Singh**

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕਾ ਨਵਾਂਸ਼ਹਿਰ ਅੰਦਰ ਨਵਾਂਸ਼ਹਿਰ ਤੋਂ ਰਾਹੋਂ, ਬਹਿਲੂਰ ਕਲਾਂ, ਗੁਜਰਪੁਰ, ਮਹਾਲੋਂ, ਕਲਾਮ, ਚੂਹੜਪੁਰ, ਰਿਆਮ, ਕਰੀਹਾ, ਮੱਲਪੁਰ, ਅਸਮਾਨਪੁਰ, ਜਲਵਾਹਾ, ਚਕਲੀ, ਗਰਚਾ, ਸਕੋਹਪੁਰ, ਜਾਡਲਾ, ਸ਼ਾਹਪੁਰ ਪੱਟੀ, ਆਲੋਵਾਲ, ਤਾਜੋਵਾਲ, ਮਹੱਦੀਪੁਰ, ਮਢਾਲਾ, ਚੱਕ ਇਲਾਹੀ ਬਖਸ਼ ਦੀਆਂ ਸੜਕਾਂ ਪਾਸ ਹੋਈਆਂ ਅਤੇ ਜਿਨ੍ਹਾਂ ਦੇ ਟੈਂਡਰ ਵੀ ਅਲਾਟ ਹੋਏ। ਸਰ, ਉਹ ਜਲਦੀ ਸ਼ੁਰੂ ਕਰਵਾਈਆਂ ਜਾਣ ਅਤੇ ਜੋ ਪੀ.ਐਸ.ਪੀ.ਸੀ.ਐਲ. ਦੇ ਆਊਟਸੋਰਸ ਦੇ ਹਾਈਡਲ ਪ੍ਰਾਜੈਕਟ ਦੇ ਕਾਮੇ ਹਨ, ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤਾ ਜਾਵੇ। ਮਾਣਯੋਗ ਸਪੀਕਰ ਸਾਹਿਬ, ਜਲੰਧਰ ਦਿਹਾਤੀ ਦੇ ਅੰਦਰ ਬਸਪਾ ਵਰਕਰਾਂ ਤੇ ਝੂਠੇ ਮੁਕੱਦਮੇ ਦਰਜ ਹੋਏ, ਉਨ੍ਹਾਂ ਦੀ ਵੈਰੀਫਿਕੇਸ਼ਨ ਵੀ ਹੋ ਗਈ। ਮੈਂ ਤੁਹਾਡੇ ਰਾਹੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਨਜਾਇਜ਼ ਪਰਚੇ ਜ਼ਰੂਰ ਰੱਦ ਕਰਵਾਏ ਜਾਣ। ਪੰਜਾਬ ਵਿਧਾਨ ਸਭਾ ਦੇ ਅੰਦਰ, ਸਕੱਤਰੇਤ ਵਿੱਚ, ਐਮ.ਐਲ.ਏ. ਹੋਸਟਲ, ਪੰਜਾਬ ਭਵਨ, ਚੰਡੀਗੜ੍ਹ ਅਤੇ ਨਵੀਂ ਦਿੱਲੀ ਅੰਦਰ ਜਿਹੜੇ ਸਾਡੇ ਮੁਲਾਜ਼ਮ ਕੰਮ ਕਰਦੇ ਹਨ, ਉਹ ਕਾਫੀ ਲੰਬੇ ਸਮੇਂ ਤੋਂ ਕੰਮ ਕਰਦੇ ਹਨ, ਉਹ ਕੱਚੇ ਮੁਲਾਜ਼ਮ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ ਜਾਂ ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਅਤੇ ਸਕੱਤਰੇਤ ਦੇ ਮੁਲਾਜ਼ਮਾਂ ਦੀਆਂ ਮੰਗਾਂ ਮੰਨੀਆਂ ਜਾਣ। ਅੱਜ ਵੱਡੀ ਗਿਣਤੀ ਵਿੱਚ ਡੀ.ਏ. ਲਈ ਮੁਲਾਜ਼ਮ ਇਕੱਠੇ ਹੋਏ ਹਨ, ਉਨ੍ਹਾਂ ਦੀ ਮੰਗ ਮੰਨੀ ਜਾਵੇ। ਆਸ਼ਾ ਵਰਕਰਾਂ ਜਿਹੜੀਆਂ ਨਿਗੁਣੀ ਮਾਣ-ਭੱਤੇ ਤੇ ਕੰਮ ਕਰ ਰਹੀਆਂ ਹਨ, ਉਨ੍ਹਾਂ ਦੀ ਮੰਗ ਵੀ ਮੰਨੀ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ। ਜੈ ਭੀਮ ਜੈ ਭਾਰਤ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਸਪੀਕਰ ਸਾਹਿਬ, ਕਾਫੀ ਮੈਂਬਰ ਸਾਹਿਬਾਨ ਨੇ ਸੜਕਾਂ ਦਾ ਸਵਾਲ ਉਠਾਇਆ ਹੈ। ਡਿਪਾਰਟਮੈਂਟ ਜਾਂ ਸਬੰਧਤ ਮਹਿਕਮੇ ਦੇ ਮੰਤਰੀ ਸਾਹਿਬਾਨ ਜਵਾਬ ਦੇਣਗੇ ਪਰ ਮੈਂ ਥੋੜ੍ਹਾ ਜਿਹਾ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਬਾਰਸ਼ਾਂ ਦੇ ਮੌਸਮ ਵਿੱਚ ਸੜਕਾਂ ਦਾ ਨਿਰਮਾਣ ਬੰਦ ਹੋ ਜਾਂਦਾ ਹੈ। ਠੰਢ ਵਿੱਚ ਵੀ ਬੰਦ ਹੋ ਜਾਂਦਾ ਹੈ, ਇੱਕ ਪਰਟੀਕੁਲਰ ਚੰਕ ਹੈ, ਫਰਵਰੀ, ਮਾਰਚ, ਅਪ੍ਰੈਲ, ਉਸ ਤੋਂ ਬਾਅਦ ਮਈ, ਜੂਨ ਵਿੱਚ ਵੀ ਸੜਕਾਂ ਬਣ ਸਕਦੀਆਂ ਹਨ, ਜੁਲਾਈ, ਅਗਸਤ, ਸਤੰਬਰ ਤੱਕ ਮੌਨਸੂਨ ਆ ਜਾਂਦੀ ਹੈ। ਫਿਰ ਸਤੰਬਰ ਦੇ ਅੱਧ ਤੋਂ ਅਕਤੂਬਰ ਅਤੇ ਨਵੰਬਰ ਤੱਕ ਸੜਕਾਂ ਬਣ ਸਕਦੀਆਂ ਹਨ ਪਰ ਅੱਗੇ ਫਿਰ ਦੰਸਬਰ, ਜਨਵਰੀ ਵਿੱਚ ਠੰਢ ਪੈਣ ਲੱਗ ਜਾਂਦੀ ਹੈ। ਜਿਹੜੀ ਲੁੱਕ ਹੈ, ਉਹ ਜੰਮ ਜਾਂਦੀ ਹੈ। ਸੋ, ਸੜਕਾਂ ਦੇ ਮਹਿਕਮੇ ਨੂੰ ਬਹੁਤ ਧਿਆਨ ਨਾਲ ਦੇਖਣਾ ਪੈਂਦਾ ਹੈ ਕਿ ਅਸੀਂ ਕਿਹੜੇ ਮਹੀਨੇ ਵਿੱਚ ਸੜਕਾਂ ਬਣਾ ਰਹੇ ਹਾਂ। ਹੋ ਸਕਦਾ ਹੈ ਕਿ ਟੈਂਡਰ ਹੋ ਗਏ ਹੋਣ ਪਰ ਕਈ ਮੈਂਬਰਾਂ ਨੇ ਇਹ ਸਵਾਲ ਉਠਾਇਆ ਹੈ, ਇਸ ਵਿੱਚ ਜਲਦਬਾਜ਼ੀ ਨਹੀਂ ਕਿਉਂਕਿ ਜੇ ਟੈਂਡਰ ਹੋ ਗਿਆ ਤਾਂ ਪਰਾਪਰ ਟਾਈਮ ਤੇ ਸੜਕਾਂ ਬਣਨਗੀਆਂ ਤਾਂ ਕਿ ਉਸ ਸੜਕ ਦੇ ਮੈਟੀਰੀਅਲ ਨੂੰ ਧਰਤੀ ਤੇ ਬੈਠਣ ਅਤੇ ਮਜ਼ਬੂਤ ਹੋਣ ਲਈ ਪਰਾਪਰ ਮੌਕਾ ਮਿਲੇ। ਅਸੀਂ ਮੈਟੀਰੀਅਲ ਵਿੱਚ ਕੋਈ ਕਮੀ ਨਹੀਂ ਰੱਖਣੀ, ਇਸ ਗੱਲ ਲਈ ਸਰਕਾਰ ਵਚਨਬੱਧ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਸਪੀਕਰ ਸਾਹਿਬ, ਮੈਂ ਅੱਜ ਪੰਜਾਬ ਦੇ ਜ਼ਿਮੀਂਦਾਰਾਂ ਦਾ ਬਹੁਤ ਵੱਡਾ ਮਸਲਾ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਚਾਹੁੰਦਾ ਹਾਂ ਕਿ ਉਸ ਤੇ ਕੋਈ ਸਲਿਊਸ਼ਨ ਹੋਵੇ। ਸਰ, ਪਿੰਡਾਂ ਵਿੱਚ ਜ਼ਮੀਨਾਂ ਨੂੰ ਤਕਸੀਮ ਕਰਨ ਦੀ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਜੇ ਉਦਾਹਰਨ ਦੇ ਤੌਰ ਤੇ ਮੈਂ 25/6 ਵਿੱਚ ਬੈਠਾ ਹਾਂ ਅਤੇ 25/8 ਵਿੱਚ ਕੋਈ ਹੋਰ ਬੈਠਾ ਹੈ। ਇੱਕ ਬੰਦੇ ਨੇ ਲੋਨ ਲੈ ਲਿਆ ਅਤੇ ਡਿਪਾਰਟਮੈਂਟ ਉਸ ਪਿੰਡ ਦੀ ਤਕਸੀਮ ਹੀ ਨਹੀਂ ਕਰਦਾ। ਸੋ, ਇੱਕ ਸਟੈਂਡਰਡ ਓਪਰੇਟਿੰਗ ਗਾਈਡਲਾਈਨਜ਼ ਬਣਾ ਕੇ ਰੈਵੇਨਿਊ ਡਿਪਾਰਟਮੈਂਟ ਵੱਲੋਂ ਦਿੱਤੀਆਂ ਜਾਣ ਕਿ ਜਿਹੜਾ ਬੰਦਾ ਜਿਸ ਨੰਬਰ ਵਿੱਚ ਬੈਠਾ ਹੈ, ਬੈਂਕਾਂ ਨੂੰ ਇਤਲਾਹ ਕਰਕੇ ਉਸ ਦਾ ਚਾਰਜ ਉਸ ਨੰਬਰ ਤੇ ਦਿੱਤਾ ਜਾਵੇ। ਸੈਕੰਡਲੀ, ਅਰਬਨਾਈਜ਼ੇਸ਼ਨ ਆਪਣੇ ਸੂਬੇ ਵਿੱਚ ਹੋ ਰਹੀ ਹੈ, ਇੰਡਸਟਰੀ ਵੀ ਆ ਰਹੀ ਹੈ, ਅਰਬਨਾਈਜ਼ੇਸ਼ਨ ਵੀ ਹੋ ਰਹੀ ਹੈ, ਸ਼ਹਿਰ ਵੀ ਵੱਡੇ ਹੋ ਰਹੇ ਹਨ। ਬੜੀ ਚੰਗੀ ਗੱਲ ਹੈ ਪਰ ਇੱਕ-ਇੱਕ ਨੰਬਰ ਵਿੱਚ 200-200 ਬੰਦਾ ਬੈਠਾ ਹੈ, ਇੱਕ ਬੰਦੇ ਨੇ ਇੱਕ ਫਰਦ ਲੈਣੀ ਹੋਵੇ ਤਾਂ ਉਸ ਨੂੰ 25/- ਰੁਪਏ ਦੀ ਫਰਦ ਅਤੇ 250 ਪੇਜ ਲੈਣ ਪੈਂਦੇ ਹਨ ਅਤੇ ਉਸ ਦਾ 5,000/- ਰੁਪਿਆ ਉੱਥੇ ਹੀ ਚਲਾ ਗਿਆ ਜੀ। ਸੋ, ਉਨ੍ਹਾਂ ਨੰਬਰਾਂ ਨੂੰ ਜਿਵੇਂ ਚੰਡੀਗੜ੍ਹ ਵਿੱਚ ਕੋਠੀ ਨੰ. 1 ਹੈ, ਉਸ ਦਾ ਵੀ ਨੰਬਰ ਦਿੱਤਾ ਜਾਵੇ ਅਤੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੀ ਰਿਕੁਐਸਟ ਲੋਕਾਂ ਦੀ ਰਿਕੁਆਇਰਮੈਂਟ ਹੈ, ਇਸ ਤੇ ਇੱਕ ਪਰਾਪਰ ਐਸ.ਓ.ਪੀ. ਇਸ਼ੂ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਫਾਇਦਾ ਹੋ ਸਕੇ। ਧੰਨਵਾਦ ਜੀ।

**1125/Manika Rani**

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਲੋਕਤੰਤਰ ਵਿੱਚ ਜਿਹੜੀ ਵਿਰੁੱਧੀ ਧਿਰ ਹੁੰਦੀ ਹੈ, ਉਸ ਨੂੰ ਬੋਲਣ ਦੀ ਆਜ਼ਾਦੀ ਹੈ। ਮੈਂ ਕੱਲ੍ਹ ਦੇਖਿਆ ਕਿ ਜਿਹੜੇ ਆਮ ਆਦਮੀ ਪਾਰਟੀ ਦੇ

ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਹਨ, ਉਨ੍ਹਾਂ ਦੇ ਅਕਾਊਂਟਸ ਦੇ ਉੱਤੇ ਪਾਬੰਦੀ ਲਗਾ ਦਿੱਤੀ ਗਈ ਹੈ। ਮੈਨੂੰ ਇਹ ਲੱਗਦਾ ਹੈ ਕਿ ਬੀ.ਜੇ.ਪੀ. ਦੀ ਸਰਕਾਰ ਵਿਰੁੱਧੀਆਂ ਦੀ ਆਵਾਜ਼ ਬੰਦ ਕਰਨਾ ਚਾਹੁੰਦੀ ਹੈ ਪਰ ਉਸ ਦੇ ਵਿਪਰੀਤ ਪੰਜਾਬ ਦੇ ਵਿੱਚ ਮੇਰੇ ਸਮੇਤ ਵਿਰੋਧੀ ਧਿਰ ਦੇ ਨੇਤਾ ਜਾਂ ਪੱਤਰਕਾਰ ਹਨ, ਉਨ੍ਹਾਂ ਤੇ ਕਾਪੀ ਰਾਈਟ ਸਟਰਾਈਕ ਮਾਰਨ ਦਾ ਰਾਈਟ ਕੌਣ ਦਿੰਦਾ ਹੈ, ਉਹ ਵੀ ਤਾਂ ਸੇਮ ਹੀ ਬੋਲਣ ਦੀ ਆਜ਼ਾਦੀ ਤੇ ਪਾਬੰਦੀ ਹੈ ਔਰ ਉਨ੍ਹਾਂ ਨੇ ਕਿਹਾ ਹੈ ਕਿ ਜਿਹੜੇ-ਜਿਹੜੇ ਨਾਲ ਇਸ ਤਰ੍ਹਾਂ ਹੋਇਆ ਹੈ, ਉਹ ਮੈਨੂੰ ਆ ਕੇ ਮਿਲੋ। ਮੇਰੀ ਤੁਹਾਨੂੰ ਬੇਨਤੀ ਹੈ ਕਿ ਸਾਨੂੰ ਅਤੇ ਉਨ੍ਹਾਂ ਪੱਤਰਕਾਰਾਂ ਨੂੰ ਅਰਵਿੰਦ ਕੇਜਰੀਵਾਲ ਨਾਲ ਮਿਲਾਉ ਤਾਂ ਕਿ ਅਸੀਂ ਦੱਸ ਸਕੀਏ ਕਿ ਜਿਹੜੀ ਪੰਜਾਬ ਵਿੱਚ ਸਰਕਾਰ ਹੈ, ਉਹ ਵੀ ਬੋਲਣ ਦੀ ਆਜ਼ਾਦੀ ਉੱਤੇ ਪਾਬੰਦੀ ਲਗਾਉਂਦੀ ਹੈ। ਦੂਸਰਾ, ਜਿਹੜੇ ਛੋਟੇ ਹੋਟਲ ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ਜਾਂ ਕਾਲਜਾਂ ਦੇ ਨੇੜੇ ਆਉਂਦੇ ਹਨ, ਉਥੇ ਕੋਈ ਵੈਰੀਫਿਕੇਸ਼ਨ ਨਹੀਂ ਹੁੰਦੀ ਹੈ। ਘੰਟਿਆਂ ਬੱਧੀ ਕਮਰੇ ਬੁੱਕ ਕੀਤੇ ਜਾਂਦੇ ਹਨ ਅਤੇ ਉਸ ਵਿੱਚ ਡਰੱਗ ਦਾ ਧੰਦਾ ਵੀ ਹੁੰਦਾ ਹੈ। ਸਪੀਕਰ ਸਾਹਿਬ, ਇਹ ਪੁਲੀਸ ਦੀ ਨਾਲੇਜ ਵਿੱਚ ਹੈ। ਇਹ ਗੱਲ ਇੰਟੈਲੀਜੈਂਸ ਦੀ ਨਾਲੇਜ ਵਿੱਚ ਹੈ। ਹੋ ਸਕਦਾ ਹੈ ਕਿ ਇਹ ਗੱਲ ਹੋਮ ਮਨਿਸਟਰ ਸਾਹਿਬ ਦੀ ਨਾਲੇਜ ਵਿੱਚ ਵੀ ਹੋਵੇ। ਇਹ ਬੜਾ ਸੀਰੀਅਸ ਇਸ਼ੂ ਹੈ, ਇਸ ਤੇ ਵੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਸਾਡੇ ਬੱਚੇ ਬਲੈਕਮੇਲ ਹੋ ਰਹੇ ਹਨ। ਕਈ ਵਾਰ ਉਨ੍ਹਾਂ ਦੀਆਂ ਗਲਤ ਵੀਡਿਉਜ਼ ਬਣਾ ਕੇ ਬਲੈਕਮੇਲ ਕੀਤਾ ਜਾਂਦਾ ਹੈ ਕਿਉਂਕਿ ਇਹ ਇੱਕ ਬਹੁਤ ਵੱਡਾ ਗਰੋਹ ਹੈ। ਜਿਹੜੀ ਨੈਟਵਰਕਿੰਗ ਹੈ, ਉਹ ਨਾਲ ਦੇ ਸੂਬਿਆਂ ਤੋਂ ਹੋ ਰਹੀ ਹੈ। ਸੋ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਗੁਜਾਰਿਸ਼ ਹੈ ਕਿ ਇਸ ਤੇ ਜ਼ਰੂਰ ਧਿਆਨ ਦਿੱਤਾ ਜਾਵੇ ਅਤੇ ਸਾਡੇ ਨੌਜਵਾਨਾਂ ਦੇ ਹੋਰ ਰਹੇ ਇਸ ਸ਼ੋਸ਼ਣ ਤੋਂ ਬਚਾਇਆ ਜਾਵੇ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਗੰਭੀਰ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪਿਛਲੇ ਸਾਲ ਪੰਜਾਬ ਦੀਆਂ ਸੜਕਾਂ ਉੱਤੇ 4 ਲੱਖ 83 ਹਜ਼ਾਰ ਐਕਸੀਡੈਂਟਸ ਹੋਏ ਸਨ ਅਤੇ 4 ਹਜ਼ਾਰ 791 ਡੈੱਥਜ਼ ਹੋਈਆਂ। ਸਰ, ਲਗਭਗ 13 ਡੈੱਥਜ਼ ਰੋਜ਼ ਹੋਈਆਂ। ਕੱਲ੍ਹ ਸਾਡੇ ਸਤਿਕਾਰਯੋਗ ਸਾਬਕਾ ਵਿਧਾਇਕ ਲੱਖਾ ਜੀ ਦੇ ਹਲਕੇ ਵਿੱਚ ਇੱਕ ਵੱਡਾ ਹਾਦਸਾ ਹੋਇਆ ਹੈ ਅਤੇ ਇੱਕ ਬੇਟੀ ਨਵਪ੍ਰੀਤ ਕੌਰ ਦੀ ਡੈੱਥ ਵੀ ਹੋ ਗਈ ਹੈ। ਇਸ ਤੋਂ ਇਲਾਵਾ 40 ਤੋਂ ਵੱਧ ਸ਼ਰਧਾਲੂ ਜ਼ਖਮੀ ਹੋ ਗਏ। ਸਪੀਕਰ ਸਾਹਿਬ, ਇਹ ਬਹੁਤ ਹੀ ਗੰਭੀਰ ਮਸਲਾ ਹੈ। ਮੈਂ ਪਿੱਛੇ ਵੀ ਇਹ ਮਸਲਾ ਹਾਊਸ ਵਿੱਚ ਉਠਾਇਆ ਸੀ। ਸਰਕਾਰ ਨੇ ਬਹੁਤ ਵਧੀਆ ਕੰਮ ਕੀਤਾ ਹੈ ਪਰੰਤੂ ਇਸ ਵਿੱਚ ਉਦੋਂ ਤੱਕ ਤਸੱਲੀਬਖਸ਼ ਕੰਮ ਨਹੀਂ ਹੋ ਸਕਦਾ ਹੈ, ਜਦੋਂ ਤੱਕ ਰੋਡ ਸੇਫਟੀ ਸਬਜੈਕਟ ਬਣਾ ਕੇ, ਨੌਵੀਂ ਅਤੇ ਦਸਵੀਂ ਜਮਾਤ ਦੇ ਬੱਚਿਆਂ ਨੂੰ ਨਹੀਂ ਪੜ੍ਹਾਇਆ ਜਾਂਦਾ। ਦੂਜਾ, ਜਿਹੜੀ ਲਾਇਸੰਸ ਪ੍ਰਣਾਲੀ ਹੈ, ਉਸ ਨੂੰ ਹੋਰ ਸਖਤ ਕੀਤਾ ਜਾਵੇ। ਭਾਵੇਂ ਆਪਾਂ ਹਾਊਸ ਦੇ ਮੈਂਬਰ ਹਾਂ, ਭਾਵੇਂ ਸੈਕੇਟਰੀ ਟਰਾਂਸਪੋਰਟ ਹਨ ਜਾਂ ਪੁਲਿਸ ਮੁਲਾਜ਼ਮ ਜਿਹੜੇ ਟਰੈਫਿਕ ਨੂੰ ਦੇਖਦੇ ਹਨ, ਜਦੋਂ ਰੋਡ ਸੇਫਟੀ ਟੈਸਟ ਲੈਣਗੇ ਤਾਂ ਮੈਨੂੰ ਲੱਗਦਾ ਹੈ ਕਿ 95 ਪ੍ਰਤੀਸ਼ਤ ਪਰਸਨ ਇਸ ਟੈਸਟ ਵਿੱਚ ਫੇਲ੍ਹ ਹੋ ਜਾਣਗੇ।ਸਪੀਕਰ ਸਾਹਿਬ, ਮੈਂ ਇਸ ਦੀ ਗਾਰੰਟੀ ਦਿੰਦਾ ਹਾਂ ਕਿ ਅਜਿਹਾ ਕਰਨ ਨਾਲ ਐਕਸੀਡੈਂਟ ਬਹੁਤ ਘੱਟ ਜਾਣਗੇ ।ਸਰ, ਇਸ ਦੇ ਨਾਲ ਨਾਲ ਇੱਕ ਨਿਮਰਤਾ ਸਹਿਤ ਬੇਨਤੀ ਹੈ ਕਿ There are serious lapses in emergency medical response, hospital care trauma management particularly during critical golden hour. ਸਰ, ਇੱਕ ਘੰਟੇ ਦਾ ਗੋਲਡਨ ਆਵਰ ਹੁੰਦਾ ਹੈ। ਸਰ, ਮੈਂ ਇਹ ਹਾਊਸ ਵਿੱਚ ਇਸ ਲਈ

ਤਸਦੀਕ ਕੀਤਾ ਹੈ ਕਿਉਂਕਿ ਮੈਂ ਲਿਸਟ ਲੈ ਕੇ ਆਇਆ ਹਾਂ। ਮੈਂ ਪਹਿਲਾਂ ਵੀ ਸਮਾਂ ਮੰਗਿਆ ਸੀ। ਸਰ, ਮੈਡੀਕਲ ਅਫਸਰ, ਜਨਰਲ ਅਰਬਨ, ਜਲੰਧਰ ਵਿਖੇ ਸੈਕਸ਼ਨ ਪੋਸਟਾਂ 34 ਹਨ ਅਤੇ 20 ਵੇਕੈਂਟ ਹਨ। ਮੈਡੀਕਲ ਅਫਸਰ, ਜਨਰਲ ਰੂਰਲ, ਜਲੰਧਰ ਵਿਖੇ ਸੈਕਸ਼ਨ ਪੋਸਟਾਂ 116 ਹਨ ਅਤੇ 59 ਵੇਕੈਂਟ ਹਨ। ਮੈਡੀਕਲ ਅਫਸਰ, ਅਰਬਨ ਸਪੈਸ਼ਲਿਸਟ 12 ਪੋਸਟਾਂ ਹਨ।

**Mr. Speaker:** You take your time.

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਹਾਲੇ ਤਾਂ ਦੋ ਮਿੰਟ ਮੇਰੇ ਪੂਰੇ ਨਹੀਂ ਹੋਏ ਹਨ।

**ਮਾਣਯੋਗ ਸਪੀਕਰ:** ਹੋ ਗਏ ਹਨ ਜੀ। ਹੋ ਗਏ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਸ਼ੇ ਤੇ ਹੈਲਥ ਮਨਿਸਟਰ ਵਾਰ-ਵਾਰ ਕਲੈਰੀਫਿਕੇਸ਼ਨ ਦੇ ਚੁੱਕੇ ਹਨ। ਹੋ ਗਿਆ, ਟਾਈਮ ਹੋ ਗਿਆ। ਹਾਂ ਜੀ, ਡਿੰਪੀ ਜੀ। ਮਾਨਯੋਗ ਮੈਂਬਰ ਸਾਹਿਬ, ਹੋ ਗਿਆ ਜੀ। ਬੈਠੋ ਹੁਣ। It's done. ਹਾਂ ਜੀ, ਡਿੰਪੀ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਹੋਰ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਗਿੱਦੜਬਾਹਾ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦੇ ਧਿਆਨ ਵਿੱਚ ਆਪਣੇ ਏਰੀਆ ਦਾ ਇੱਕ ਬਹੁਤ ਵੱਡਾ ਇਸ਼ੂ ਲਿਆਉਣਾ ਚਾਹੁੰਦਾ ਹੈ ਔਰ ਤੁਹਾਡਾ ਵੀ ਉਹੀ ਏਰੀਆ ਹੈ। ਇਹ ਮਾਲਵੇ ਦਾ ਇੱਕ ਬੜਾ ਵੱਡਾ ਇਸ਼ੂ ਹੈ।

**ਮਾਣਯੋਗ ਸਪੀਕਰ:** ਇੱਕ ਮਿੰਟ, ਮੈਂਬਰ ਸਾਹਿਬ। ਇੱਕ ਮਿੰਟ ਜੀ। ਮੈਂ ਇੱਕ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ। ਸੌਰੀ, ਮੈਂਬਰ ਸਾਹਿਬ, ਮੈਂ ਤੁਹਾਡੀ ਗੱਲ ਨੂੰ ਟੋਕ ਰਿਹਾ ਹਾਂ।

**1130/Gurpreet kaur**

**ਮਾਣਯੋਗ ਸਪੀਕਰ:** ਇਸ ਸਦਨ ਵਿੱਚ ਟਰੇਜ਼ਰੀ ਬੈਂਚਿਜ਼ ਦੇ ਵੀ ਮੈਂਬਰ ਹਨ। ਉਨ੍ਹਾਂ ਨੇ ਵੀ ਆਪਣੇ ਆਪਣੇ ਹਲਕੇ ਦੀ ਗੱਲ ਰੱਖਣੀ ਹੈ। ਉਨ੍ਹਾਂ ਨੂੰ ਹੱਕ ਹੈ। ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਵੀ ਹੱਕ ਹੈ। ਮੇਰੇ ਵਾਸਤੇ ਦੋਨੋਂ ਹੀ ਸੇਮ ਹਨ ਪਰ ਅੱਜ ਜਦੋਂ ਤੁਸੀਂ ਇਲਜ਼ਾਮ ਲਗਾ ਰਹੇ ਹੋ ਕਿ ਆਪੋਜ਼ੀਸ਼ਨ ਨੂੰ ਬੋਲਣ ਦਾ ਮੌਕਾ ਨਹੀਂ ਮਿਲਦਾ। 12 ਮਿੰਟ 20 ਸੈਕਿੰਡ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਬੋਲੇ ਹਨ। 13 ਮਿੰਟ 41 ਸੈਕਿੰਡ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਬੋਲੇ ਹਨ। ਡਿੰਪੀ ਜੀ ਤੁਸੀਂ ਆਪਣੀ ਗੱਲ ਪੂਰੀ ਕਰੋ।

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ**: ਸਰ, ਇਹ ਬਹੁਤ ਵੱਡਾ ਇਸ਼ੂ ਹੈ। ਆਪਣੇ ਕੋਆਪ੍ਰੇਟਿਵ ਸੁਸਾਇਟੀਆਂ ਦੇ ਮੈਂਬਰ ਰਜਿਸਟਰਡ ਨਹੀਂ ਕਰ ਰਹੇ ਕਿਉਂਕਿ ਮਾਲਵੇ ਦੀਆਂ ਤਾਂ ਸਾਰੀਆਂ ਸੁਸਾਇਟੀਆਂ ਹੀ ਡਿਫਾਲਟਰ ਹਨ। ਡਿਫਾਲਟਰ ਹੋਣ ਕਰਕੇ ਅਸੀਂ ਕੋਈ ਵੀ ਮੈਂਬਰ ਰਜਿਸਟਰਡ ਨਹੀਂ ਕਰ ਰਹੇ। ਸਰਕਾਰ ਵੱਲੋਂ ਸੈਂਟਰ ਸਰਕਾਰ ਵੱਲੋਂ ਹਦਾਇਤਾਂ ਚਲੀਆ ਗਈਆਂ ਕਿ ਜਿੰਨੀ ਵੀ ਰੇਹ, ਸਪਰੇਅ, ਡੀ.ਏ.ਪੀ. ਸਾਰੀਆਂ ਸੁਸਾਇਟੀਆਂ ਨੂੰ ਦੇ ਦਿੱਤੀਆਂ, ਸੁਸਾਇਟੀਆਂ ਵਿੱਚ ਮੈਂਬਰ ਨਹੀਂ ਹਨ, ਸਮਾਨ ਉੱਥੋਂ ਵਾਪਿਸ ਚਲੇ ਜਾਂਦਾ ਹੈ। ਲੋਕ ਉੱਥੇ ਰੁਲਦੇ ਫਿਰਦੇ ਹਨ ਕਿਉਂਕਿ ਉੱਥੇ ਮੈਂਬਰ ਨਹੀਂ ਬਣ ਸਕਦੇ। ਮੇਰੀ ਇਸ ਸਦਨ ਨੂੰ ਅਤੇ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਤੁਸੀਂ ਮੈਂਬਰ ਬਣਾ ਦਿਓ। ਜਿਹੜਾ ਅਸੀਂ ਕ੍ਰੈਡਿਟ ਦਿੰਦੇ ਹਾਂ ਉਹ ਬੇਸ਼ੱਕ ਨਾ ਦਿਓ। ਉਨ੍ਹਾਂ ਤੋਂ ਅਡਵਾਂਸ ਪੈਸੇ ਲੈ ਕੇ ਉਨ੍ਹਾਂ ਦਾ ਸਮਾਨ ਉੱਥੇ ਪਹੁੰਚਦਾ ਕਰੋ ਤਾਂ ਕਿ ਉਹ ਪੈਸੇ ਦੇ ਕੇ ਸਮਾਨ ਲੈ ਸਕਣ। ਇਸ ਵੇਲੇ ਆਪਣੀ ਜ਼ਿਮੀਂਦਾਰਾਂ ਵਿੱਚ ਬਹੁਤ ਵੱਡਾ ਇਸ਼ੂ ਹੈ। ਫਸਲ ਦੇ ਸਮੇਂ ਸਾਰੇ ਜਣੇ ਬਹੁਤ ਖੱਜਲ-ਖੁਆਰ ਹੁੰਦੇ ਹਨ। ਮੇਰੀ ਸਿਰਫ ਇਹੀ ਬੇਨਤੀ ਹੈ। ਇਸ ਨੂੰ ਪ੍ਰਵਾਨ ਕੀਤਾ ਜਾਵੇ। ਧੰਨਵਾਦ ਜੀ।

--------

## CALLING ATTENTION NOTICES UNDER RULE 66

**ਮਾਣਯੋਗ ਸਪੀਕਰ**: ਧੰਨਵਾਦ ਜੀ। ਧਿਆਨ ਦਿਵਾਊ ਨੋਟਿਸ। ਸ਼੍ਰੀਮਤੀ ਅਨਮੋਲ ਗਗਨ ਮਾਨ।

**(ਕ੍ਰਮ ਨੰ: 30)**

**ਸ਼੍ਰੀਮਤੀ ਅਨਮੋਲ ਗਗਨ ਮਾਨ** : ਸ਼੍ਰੀਮਾਨ ਜੀ, ਮੈਂ ਆਪਣੇ ਹਲਕੇ ਖਰੜ ਦੇ ਕੁਰਾਲੀ ਸ਼ਹਿਰ ਦੇ ਸਰਕਾਰੀ ਹਸਪਤਾਲ ਦਾ ਮੁੱਦਾ ਇਸ ਮਾਣਯੋਗ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ। ਇਸ ਵੇਲੇ ਕੁਰਾਲੀ ਦਾ ਹਸਪਤਾਲ ਸੀ.ਐਸ.ਸੀ. ਦੇ ਤੌਰ ਤੇ ਹੀ ਚੱਲ ਰਿਹਾ ਹੈ ਜਦਕਿ ਇਸ ਨਾਲ ਕੁਰਾਲੀ ਸ਼ਹਿਰ ਅਤੇ 100 ਤੋਂ ਵੱਧ ਪਿੰਡਾਂ ਦੀ ਜਨਤਾ ਜੁੜੀ ਹੋਈ ਹੈ। ਇੰਨੇ ਵੱਡੇ ਇਲਾਕੇ ਦੀਆਂ ਸਿਹਤ ਸੇਵਾਵਾਂ ਲਈ ਇਹ ਹਸਪਤਾਲ ਬਹੁਤ ਮਹੱਤਵਪੂਰਨ ਹੈ। ਜਨਵਰੀ, 2023 ਵਿੱਚ ਸਰਦਾਰ ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਜੀ ਇਸ ਹਸਪਤਾਲ ਦੇ ਵਿੱਚ ਖੁਦ ਆਏ ਸੀ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸੀ ਇਸ ਹਸਪਤਾਲ ਨੂੰ ਅਪਗ੍ਰੇਡ ਕੀਤਾ ਜਾਵੇ। ਕੁਰਾਲੀ ਦਾ ਇਹ ਹਸਪਤਾਲ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਤੋਂ ਲੈ ਕੇ ਹਿਮਾਚਲ ਪ੍ਰਦੇਸ਼ ਵੱਲ ਜਾਣ ਵਾਲੇ ਮੁੱਖ ਰਸਤੇ ਉੱਪਰ ਸਥਿਤ ਹੈ। ਇਸ ਰਸਤੇ ਤੇ ਹਰ ਰੋਜ਼ ਹਜ਼ਾਰਾਂ ਵਾਹਨ ਗੁਜ਼ਰਦੇ ਹਨ ਅਤੇ ਕਈ ਵਾਰ ਹਾਦਸੇ ਵੀ ਹੋ ਜਾਂਦੇ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਇੱਥੇ ਟਰੋਮਾ ਸੈਂਟਰ ਦੀ ਸਹੂਲਤ ਨਹੀਂ ਹੈ, ਜਿਸ ਕਰਕੇ ਜ਼ਖਮੀ ਮਰੀਜਾਂ ਨੂੰ ਦੂਰ ਲਿਜਾਣਾ ਪੈਂਦਾ ਹੈ।

ਇਸ ਤੋਂ ਇਲਾਵਾ ਹਸਪਤਾਲ ਦੀ ਇਮਾਰਤ ਵੀ ਕਾਫੀ ਪੁਰਾਣੀ ਹੋ ਚੁੱਕੀ ਹੈ ਅਤੇ ਡਿੱਗਣ ਦੇ ਕਗਾਰ ਤੇ ਹੈ। ਮਰੀਜ਼ਾਂ ਅਤੇ ਸਟਾਫ ਦੀ ਸੁਰੱਖਿਆ ਨੂੰ ਦੇਖਦੇ ਹੋਏ ਇਸ ਇਮਾਰਤ ਦੀ ਨਵੀਂ ਬਿਲਡਿੰਗ ਬਣਾਉਣਾ ਵੀ ਬਹੁਤ ਜ਼ਰੂਰੀ ਹੈ।

ਇਸ ਲਈ ਮੈਂ ਮਾਣਯੋਗ ਸਿਹਤ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਕੁਰਾਲੀ ਹਸਪਤਾਲ ਨੂੰ ਜਲਦ ਤੋਂ ਜਲਦ ਅਪਗ੍ਰੇਡ ਕਰਕੇ ਇਸ ਨੂੰ ਵੱਡੇ ਪੱਧਰ ਤੇ ਵਿਕਸਤ ਕੀਤਾ ਜਾਵੇ। ਨਾਲ ਹੀ ਇੱਥੇ ਜੱਚਾ ਬੱਚਾ ਕੇਂਦਰ ਅਤੇ ਟਰੋਮਾ ਸੈਂਟਰ ਦੀ ਸਥਾਪਨਾ ਕੀਤੀ ਜਾਵੇ ਤਾਂ ਜੋ ਇਸ ਇਲਾਕੇ ਦੇ ਲੋਕਾਂ ਨੂੰ ਤੁਰੰਤ ਅਤੇ ਵਧੀਆ ਸਿਹਤ ਸਹੂਲਤਾਂ ਮਿਲ ਸਕਣ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮਾਣਯੋਗ ਮੰਤਰੀ ਸਾਹਿਬ ਇਸ ਗੰਭੀਰ ਮਸਲੇ ਤੇ ਜ਼ਰੂਰ ਧਿਆਨ ਦੇਣਗੇ ਅਤੇ ਜਲਦ ਤੋਂ ਜਲਦ ਮਨਜ਼ੂਰੀ ਦੇ ਕੇ ਇਲਾਕੇ ਦੀ ਜਨਤਾ ਨੂੰ ਵੱਡੀ ਰਾਹਤ ਦੇਣਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਸਿਹਤ ਮੰਤਰੀ ਸਾਹਿਬ, ਅੱਜ ਚਲੇ ਗਏ ਹਨ। ਉਨ੍ਹਾਂ ਨੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੂੰ ਆਥੋਰਾਈਜ਼ ਕੀਤਾ ਹੈ। He'll reply.

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਾਡੇ ਮਾਣਯੋਗ ਐਮ.ਐਲ.ਏ. ਸਾਹਿਬ ਵੱਲੋਂ ਜੋ ਅੱਜ ਕਾਲ ਅਟੈਂਸ਼ਨ ਨੋਟਿਸ ਦਿੱਤਾ ਹੈ, ਉਸ ਵਿੱਚ ਜੋ 03 ਮੇਨ ਮੰਗਾਂ ਰੱਖ ਹੋਈਆਂ ਹਨ, First is setting up of Trauma Centre, ਦੂਜੀ ਗੱਲ ਜੋ ਸੀ.ਐਸ.ਸੀ. ਕੁਰਾਲੀ ਦੀ ਅਪਗ੍ਰੇਡਸ਼ਨ ਹੈ ਅਤੇ ਤੀਜੀ ਗੱਲ Maternal and Child Healthcare Centre ਸੀ.ਐਸ.ਸੀ. ਕੁਰਾਲੀ ਵਿੱਚ ਸਥਾਪਿਤ ਕੀਤਾ ਜਾਵੇ।

**1135/Pawan sharma**

ਸਰ, ਮੈਂ ਤਿੰਨੋ ਹੀ ਵਾਰੀ-ਵਾਰੀ ਟੇਕ ਅੱਪ ਕਰ ਲੈਂਦਾ ਹਾਂ। ਸਰ, ਸੀ.ਐਚ.ਸੀ. ਕੁਰਾਲੀ ਵਿਖੇ ਟਰੋਮਾ ਸੈਂਟਰ ਸਥਾਪਿਤ ਕਰਨ ਦੀ ਮੰਗ ਦੇ ਸਬੰਧ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਚੰਡੀਗੜ੍ਹ ਵਿੱਚ ਪੀ.ਜੀ.ਆਈ. ਵਿਖੇ ਪਹਿਲਾਂ ਹੀ ਟਰੋਮਾ ਸੈਂਟਰ ਕਾਰਜਸ਼ੀਲ ਹੈ, ਜੋ ਕਿ ਕੁਰਾਲੀ ਤੋਂ ਲਗਭਗ 25 ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ ਅਤੇ ਇਸ ਟਰੋਮਾ ਸੈਂਟਰ ਰਾਹੀਂ ਕੁਰਾਲੀ ਸਮੇਤ ਨੇੜਲੇ ਖੇਤਰਾਂ ਦੇ ਮਰੀਜ਼ਾਂ ਨੂੰ ਐਮਰਜੈਂਸੀ ਇਲਾਜ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਸਰ, ਜੇਕਰ ਮੈਂ ਗੌਰਮਿੰਟ ਆਫ ਇੰਡੀਆ ਵੱਲੋਂ ਜਾਰੀ ਕੀਤੀ ਗਈ ਗਾਈਡਲਾਈਨ ਦੀ ਗੱਲ ਕਰਾਂ ਤਾਂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੋਮਾ ਸੈਂਟਰਾਂ ਵਿਚਕਾਰ ਨਿਰਧਾਰਿਤ ਦੂਰੀ ਬਣਾਈ ਰੱਖਣੀ ਪੈਂਦੀ ਹੈ ਜੋ ਕਿ ਲਾਜ਼ਮੀ ਵੀ ਹੁੰਦੀ ਹੈ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ 100 ਕਿੱਲੋਮੀਟਰ ਦੇ ਘੇਰੇ ਅੰਦਰ ਨਵਾਂ ਟਰੋਮਾ ਸੈਂਟਰ ਸਥਾਪਿਤ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਇਸ ਲਈ ਮੌਜੂਦਾ ਸਥਿਤੀ ਅਤੇ ਦਿਸ਼ਾ ਨਿਰਦੇਸ਼ਾਂ ਦੇ ਮੱਦੇਨਜ਼ਰ ਸੀ.ਐਚ.ਸੀ. ਕੁਰਾਲੀ ਵਿਖੇ ਟਰੋਮਾ ਸੈਂਟਰ ਸਥਾਪਿਤ ਕਰਨ ਦਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ ਪਰ ਸਰ, ਮੈਂ ਇੱਥੇ ਜ਼ਰੂਰ ਦੱਸਣਾ ਚਾਹੁੰਗਾ ਕਿ ਸੀ.ਐਚ.ਸੀ., ਕੁਰਾਲੀ ਵਿਖੇ ਸਾਡੇ ਕੋਲ ਟਰੋਮਾ ਦੇਖਣ ਵਾਸਤੇ ਸਪੈਸ਼ਲਿਸਟ ਡਾਕਟਰ ਮੌਜੂਦ ਹਨ, M.S Ortho, M.S. Surgery, M.D. Anesthesia, ਸਰ ਪੂਰੀ ਟੀਮ ਉੱਥੇ ਮੌਜੂਦ ਹੈ ਅਤੇ ਐਂਬੂਲੈਂਸ ਫੈਸਿਲਟੀ ਵੀ on the clock ਉੱਥੇ ਅਵੇਲੇਬਲ ਹੈ। ਜੇ ਲੱਗਦਾ ਹੈ ਕਿ ਕੋਈ Neuro Surgical intervention ਦੀ ਲੋੜ

ਹੁੰਦੀ ਹੈ ਤਾਂ ਫਿਰ ਆਪਾਂ ਪੀ.ਜੀ.ਆਈ. ਸ਼ਿਫਟ ਕਰ ਸਕਦੇ ਹਾਂ। ਸਰ, ਪਰ at local level ਸਾਡੇ ਮਾਹਿਰ ਡਾਕਟਰ ਹੈਂਡਲ ਕਰ ਸਕਦੇ ਹਨ।

ਸੋ, ਜਿਹੜੀ ਦੂਸਰੀ ਸੀ.ਐਚ.ਸੀ. ਅਪਗ੍ਰੇਡੇਸ਼ਨ ਜਾਂ ਨਵੀਂ ਬਿਲਡਿੰਗ ਦੀ ਗੱਲ ਹੋਈ ਹੈ, ਉਸ ਤੇ ਡਿਪਾਰਟਮੈਂਟ ਕੰਮ ਕਰ ਰਿਹਾ ਹੈ। ਤਕਰੀਬਨ 15 ਕਰੋੜ 81 ਲੱਖ ਰੁਪਏ ਦਾ rough ਐਸਟੀਮੇਟ ਤਿਆਰ ਕਰ ਲਿਆ ਗਿਆ ਹੈ ਅਤੇ ਅਸੀਂ ਇਹ ਐਸਟੀਮੇਟ for Admin Approval ਲਈ ਭੇਜਿਆ ਹੋਇਆ ਹੈ ਅਤੇ ਉਮੀਦ ਹੈ ਕਿ Admin Approval and Financial Approval within 2 months ਆ ਜਾਵੇਗੀ। ਸਰ, ਜਿਹੜੀ ਤੀਸਰੀ ਗੱਲ Maternal Health and Child Care Centre ਕੁਰਾਲੀ ਵਿਖੇ ਸਥਾਪਿਤ ਕਰਨ ਦੀ ਹੋਈ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸੀ.ਐਚ.ਸੀ. ਕੁਰਾਲੀ ਵਿਖੇ ਵੱਖਰਾ ਜੱਚਾ ਬੱਚਾ ਸੈਂਟਰ ਸਥਾਪਿਤ ਕਰਨ ਲਈ ਇਸ ਸਮੇਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਜੇਕਰ ਇਸ ਸਬੰਧੀ ਗੱਲ ਕਰੀਏ ਤਾਂ ਗੌਰਮਿੰਟ ਆਫ਼ ਇੰਡੀਆ ਦੀ ਪਰਪੋਜ਼ਲ, ਜਿਸ ਦੇ ਵਿੱਚ ਸੀ.ਐਲ.ਸੀ. ਵਿਖੇ ਐਮ.ਚੀ.ਐਚ.ਸੀ. ਸੈਂਟਰ ਹੁੰਦਾ ਹੈ, ਉਸ ਨੂੰ ਅਸੀਂ ਉੱਥੇ ਪਰਪੋਜ਼ਡ ਨਹੀਂ ਕਰ ਸਕਦੇ ਪਰ ਮੈਂ ਤੁਹਾਡੇ ਮਾਧਿਅਮ ਰਾਹੀਂ ਸਦਨ ਨੂੰ ਅਤੇ ਐਮ.ਐਲ.ਏ. ਸਾਹਿਬਾਨ ਨੂੰ ਦੱਸਣਾ ਚਾਹਾਂਗਾ ਕਿ ਸਾਡੇ ਕੋਲ MD Gynaecology, MD Pediatrics, MD Anesthesia ਵੀ ਹਨ। ਜੇਕਰ ਮੈਂ ਸਾਲ 2025-26 ਦਾ ਡਾਟਾ ਦੇਵਾਂ ਤਾਂ ਉੱਥੇ ਤਕਰੀਬਨ 130 ਨਾਰਮਲ ਡਲੀਵਰੀਆਂ ਹੋ ਚੁੱਕੀਆਂ ਹਨ, Cesarean section almost 40 ਦੇ ਆਸ ਪਾਸ ਹੋ ਚੁੱਕੇ ਹਨ, ਸਰਜਰੀ ਸਮੇਤ 18000 ਦੇ ਆਸ ਪਾਸ ਹੋ ਗਈਆਂ ਹਨ। ਮੈਂ ਸੀ.ਐਮ. ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਦੂਰ ਅੰਦੇਸ਼ੀ ਸੋਚ ਹੋਣ ਕਰਕੇ ਉਹ ਸਾਡੀ ਸਿੱਖਿਆ ਅਤੇ ਸਿਹਤ ਵੱਲ ਬਹੁਤ ਹੈਲਪ ਕਰ ਰਹੇ ਹਨ ਅਤੇ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਉਹ ਪੂਰਾ ਜ਼ੋਰ ਲਗਾ ਰਹੇ ਹਨ। ਧੰਨਵਾਦ ਸਰ।

**ਸ਼੍ਰੀਮਤੀ ਅਨਮੋਲ ਗਗਨ ਮਾਨ**: ਜੀ। ਮੈਂ ਮੰਤਰੀ ਸਾਹਿਬ, ਸਿਹਤ ਵਿਭਾਗ ਦਾ ਇਸ ਗੱਲ ਤੋਂ ਧੰਨਵਾਦ ਕਰਦੀ ਹਾਂ ਕਿ ਉਸ ਦੀ ਜਿਹੜੀ ਬਿਲਡਿੰਗ ਸੀ, ਉਹ ਬਹੁਤ ਖਸਤਾ ਸੀ, ਜੇਕਰ ਉਸ ਦਾ ਪਰਪੋਜ਼ਲ ਬਣਾਇਆ ਗਿਆ ਤਾਂ ਬਹੁਤ ਅੱਛੀ ਗੱਲ ਹੈ ਜੀ ਕਿਉਂਕਿ ਸਪੀਕਰ ਸਾਹਿਬ, ਉੱਥੇ ਪਿਛਲੇ ਹਫ਼ਤੇ ਅਲਟਰਾਸਾਊਂਡ ਦੀ ਮਸ਼ੀਨ ਆਈ ਸੀ। ਉਸ ਨੂੰ ਰੱਖਣ ਲਈ ਕਮਰਾ ਤੱਕ ਨਹੀਂ ਸੀ। ਮੈਂ ਸਰਕਾਰ ਨੂੰ ਬੇਨਤੀ ਕਰਦੀ ਹਾਂ ਕਿ ਇਸ ਨੂੰ ਸਬ ਡਵੀਜ਼ਨ ਦਾ ਵੀ ਦਰਜਾ ਦਿੱਤਾ ਜਾਵੇ ਕਿਉਂਕਿ 60,000/- ਦੇ ਕਰੀਬ ਸ਼ਹਿਰ ਦੀ ਆਬਾਦੀ ਹੋ ਗਈ ਹੈ ਤਾਂ ਹੀ ਅਸੀਂ ਉਸ ਨਾਲ ਹਸਪਤਾਲ ਵੀ ਬਣਾ ਸਕਦੇ ਹਾਂ। ਮੈਂ ਸਿਹਤ ਵਿਭਾਗ ਨੂੰ ਬੇਨਤੀ ਕਰਦੀ ਹਾਂ ਕਿ ਬਿਲਡਿੰਗ ਦੀ ਉਸਾਰੀ ਕਰਨ ਦਾ ਜਿਹੜਾ ਪ੍ਰਾਸੈੱਸ ਹੈ, ਉਸ ਕੰਮ ਨੂੰ ਪ੍ਰਸ਼ਾਸਨਿਕ ਪ੍ਰਵਾਨਗੀ ਛੇਤੀ ਦਿੱਤੀ ਜਾਵੇ। ਜੋ ਇੱਥੇ ਸਹੂਲਤਾਂ ਹੋ ਸਕਦੀਆਂ ਹਨ, ਉਹ ਇੱਥੇ ਪ੍ਰੋਵਾਈਡ ਕੀਤੀਆਂ ਜਾਣ। ਬਾਕੀ ਜਿਹੜਾ ਤੁਸੀਂ ਬਿਲਡਿੰਗ ਲਈ ਬਜਟ ਪਾਸ ਕੀਤਾ ਹੈ, ਮੈਂ ਉਸ ਦੇ ਲਈ ਸ਼ੁਕਰੀਆ ਅਦਾ ਕਰਦੀ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

-------

## WELCOME ANNOUNCEMENT MADE BY THE HON'BLE SPEAKER

**ਮਾਣਯੋਗ ਸਪੀਕਰ**: ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਮੇਅਰ ਵਰਲਡ ਸਕੂਲ ਜਲੰਧਰ ਦੇ ਵਿਦਿਆਰਥੀ ਅਤੇ ਅਧਿਆਪਕ ਇੱਥੇ ਪਧਾਰੇ ਹਨ, ਆਓ ਇਨ੍ਹਾਂ ਦਾ ਖ਼ੈਰ-ਮਕਦਮ ਕਰੀਏ।

-----

## CALLING ATTENTION NOTICES UNDER RULE 66 *(Resumption)*

**(ਕ੍ਰਮ ਨੰ. 32)**

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦੇ ਧਿਆਨ ਵਿੱਚ ਲੋਕ ਮਹਤੱਤਾ ਆਧਾਰਿਤ ਇੱਕ ਜ਼ਰੂਰੀ ਮਾਮਲਾ ਅਰਥਾਤ ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਸਿੰਘ ਵਾਲਾ ਅਤੇ ਨੋਰੰਗ ਕੇ ਸਿਆਲ ਵਿੱਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾ ਦੀ ਸੁਰੱਖਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਇਹ ਦੋਵੇਂ ਸਕੂਲ ਦੀਆਂ ਇਮਾਰਤਾਂ ਬਹੁਤ ਪੁਰਾਣੀਆਂ ਹਨ ਅਤੇ ਇਨ੍ਹਾਂ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਬੱਚਿਆਂ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਦੋਵੇਂ ਪਿੰਡਾਂ ਨੂੰ ਸਕੂਲ ਲਈ ਨਵੀਂ ਬਿਲਡਿੰਗ ਦੀ ਜ਼ਰੂਰਤ ਹੈ। ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਿੱਖਿਆ ਮੰਤਰੀ ਸਕੂਲੀ ਇਮਾਰਤਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਸਦਨ ਵਿੱਚ ਰੱਖਣ ਦੀ ਕ੍ਰਿਪਾਲਤਾ ਕਰਣਗੇ, ਇਸ ਸਬੰਧੀ ਵਿਭਾਗ ਦੀ ਅਗਲੀ ਤਜਵੀਜ਼ ਵੀ ਸਦਨ ਵਿੱਚ ਪੇਸ਼ ਕਰਨ ਦੀ ਕ੍ਰਿਪਾਲਤਾ ਕਰਨ।

**1140/Beant kaur**

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਸਰਕਾਰੀ ਪ੍ਰਾਇਮਰੀ ਸਕੂਲ, ਮਹਿਲ ਸਿੰਘ ਵਾਲਾ ਵਿਖੇ ਕੁੱਲ ਪੰਜ ਕਮਰਿਆਂ ਵਿਚੋਂ ਚਾਰ ਕਮਰੇ ਅਣਸੁਰੱਖਿਅਤ ਹਨ। ਇਨ੍ਹਾਂ ਵਿਚੋਂ ਤਿੰਨ ਕਮਰੇ ਨਾਬਾਰਡ-31 ਪ੍ਰਾਜੈਕਟ ਅਧੀਨ ਪ੍ਰਵਾਨ ਹੋ ਚੁੱਕੇ ਹਨ, ਜਿਨ੍ਹਾਂ ਦੀ ਰਾਸ਼ੀ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ ਅਤੇ ਇਕ ਕਮਰਾ ਨਾਬਾਰਡ-32 ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਪ੍ਰਵਾਨਗੀ ਉਪਰੰਤ ਇਸ ਕੰਮ ਲਈ ਵੀ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ।

ਸਰਕਾਰੀ ਪ੍ਰਾਇਮਰੀ ਸਕੂਲ, ਨੌਰੰਗ ਕੇ ਸਿਆਲ ਵਿਖੇ ਕੁੱਲ ਪੰਜ ਕਮਰਿਆਂ ਵਿਚੋਂ ਦੋ ਕਮਰੇ ਅਣਸੁਰੱਖਿਅਤ ਹਨ। ਇਨ੍ਹਾਂ ਦੋ ਕਮਰਿਆਂ ਨੂੰ ਵੀ ਨਾਬਾਰਡ-32 ਪ੍ਰਾਜੈਕਟ ਦੀ ਤਜਵੀਜ਼ ਵਿੱਚ ਸ਼ਾਮਲ ਕੀਤਾ ਗਿਆ ਹੈ। ਪ੍ਰਵਾਨਗੀ ਉਪਰੰਤ ਇਸ ਕੰਮ ਲਈ ਵੀ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ।

ਮਾਣਯੋਗ ਸਪੀਕਰ ਸਾਹਿਬ, ਇਹ ਪੈਸੇ ਰੁਕੇ ਹੋਏ ਸਨ, ਹੁਣ ਆ ਗਏ ਹਨ ਅਤੇ ਬਹੁਤ ਜਲਦੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਮਾਣਯੋਗ ਸਪੀਕਰ ਸਾਹਿਬ, ਆਪ ਜੀ ਰਾਹੀਂ ਮਾਣਯੋਗ ਸਿੱਖਿਆ ਮੰਤਰੀ ਸਾਹਿਬ ਨੂੰ ਮੇਰਾ ਸਿਰਫ ਇੰਨਾ ਹੀ ਸਵਾਲ ਹੈ ਕਿ ਇਹ ਦੋਵੇਂ ਸਕੂਲਾਂ ਵਾਸਤੇ ਕਿੰਨੀ ਰਕਮ ਪ੍ਰੋਵਾਈਡ ਹੋ ਰਹੀ ਹੈ। ਇਨ੍ਹਾਂ ਦੋਹਾਂ ਸਕੂਲਾਂ ਦੀਆਂ ਇਮਾਰਤਾਂ ਬਹੁਤ ਪੁਰਾਣੀਆਂ ਹਨ। ਇਨ੍ਹਾਂ ਦੋਹਾਂ ਪਿੰਡਾਂ ਵਿੱਚ more than 85% ਅਬਾਦੀ ਐਸ.ਸੀ ਪਰਿਵਾਰਾਂ ਦੀ ਹੈ ਅਤੇ ਇਨ੍ਹਾਂ ਸਕੂਲਾਂ ਵਿੱਚ ਐਸ.ਸੀ ਬੱਚੇ ਪੜ੍ਹਦੇ ਹਨ। ਮੈਂ ਹਰਜੋਤ ਬੈਂਸ, ਸਿੱਖਿਆ ਮੰਤਰੀ ਸਾਹਿਬ ਅਤੇ ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਿੱਖਿਆ ਕ੍ਰਾਂਤੀ ਅਧੀਨ ਮੇਰੇ ਹਲਕੇ ਦੇ ਕਰੀਬਨ 95% ਸਕੂਲਾਂ ਦੀ ਚਾਰਦੀਵਾਰੀ ਤੋਂ ਲੈ ਕੇ ਪੈਨਲਜ਼ ਤੱਕ ਭਾਵ ਜੋ ਵੀ ਬੱਚਿਆਂ ਦੀ ਪੜ੍ਹਾਈ ਵਾਸਤੇ ਜ਼ਰੂਰੀ ਚੀਜ਼ਾਂ ਸਨ, ਉਹ ਪਹੁੰਚੀਆਂ ਹਨ। ਹੁਣ ਮੇਰਾ ਇੰਨਾ ਹੀ ਸਵਾਲ ਹੈ ਕਿ ਸਿੱਖਿਆ ਮੰਤਰੀ ਜੀ ਹਾਊਸ ਵਿੱਚ ਜਾਣਕਾਰੀ ਸਾਂਝੀ ਕਰ ਦੇਣ ਕਿ ਇਨ੍ਹਾਂ ਦੋਹਾਂ ਸਕੂਲਾਂ ਦੀਆਂ ਇਮਾਰਤਾਂ ਲਈ ਕਿੰਨੀ ਗ੍ਰਾਂਟ ਜਾਰੀ ਕਰਨਗੇ। ਧੰਨਵਾਦ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਰਾਸ਼ੀ ਪੁੱਛੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਕ ਕਮਰੇ ਦਾ 9 ਲੱਖ 55 ਹਜ਼ਾਰ ਰੁਪਿਆ ਦਿੰਦੇ ਹਾਂ ਅਤੇ ਇਸ ਹਿਸਾਬ ਨਾਲ ਪਿੰਡ ਮਹਿਲਾ ਸਿੰਘ ਵਾਲਾ ਦੇ ਸਕੂਲ ਵਾਸਤੇ 38 ਲੱਖ ਰੁਪਿਆ ਅਤੇ ਪਿੰਡ ਨੌਰੰਗ ਕੇ ਸਿਆਲ ਦੇ ਸਕੂਲ ਵਾਸਤੇ 19 ਲੱਖ ਰੁਪਿਆ ਰਾਸ਼ੀ ਬਣਦੀ ਹੈ। ਇਸ ਵਿੱਚ ਅਸੀਂ ਕਲਾਸਰੂਮਜ਼ ਦੇ ਨਾਲ ਇੰਟਰਐਕਟਿਵ ਪੈਨਲ ਵੀ ਐਡ ਕਰ ਦਿੱਤਾ ਹੈ ਤਾਂ ਕਿ ਜਦੋਂ ਨਵਾਂ ਕਲਾਸਰੂਮ ਬਣੇ ਤਾਂ ਨਾਲ ਹੀ ਇੰਟਰਐਕਟਿਵ ਪੈਨਲ ਲੱਗਿਆ ਹੋਵੇ। ਇਸ ਤੋਂ ਇਲਾਵਾ ਜਿਵੇਂ ਮਾਣਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ, ਇਨ੍ਹਾਂ ਦੇ ਹਲਕੇ ਫਿਰੋਜ਼ਪੁਰ ਦਿਹਾਤੀ ਵਿੱਚ ਕਾਫੀ ਪਿੰਡ ਹਨ, ਕੁੱਲ 255 ਸਕੂਲਾਂ ਵਿੱਚ ਹੁਣ ਤੱਕ 36 ਕਰੋੜ 45 ਲੱਖ ਦੇ ਲਗਭਗ ਕੰਮ ਹੋਏ ਹਨ।

**ਮਾਣਯੋਗ ਸਪੀਕਰ** : ਠੀਕ ਹੈ ਜੀ। Thank you.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਨਵੇਂ ਮੈਂਬਰ ਜਿਨ੍ਹਾਂ ਨੂੰ ਨਹੀਂ ਪਤਾ, ਮੈਂ ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਕਾਲ ਅਟੈਂਸ਼ਨ ਤੇ ਸਿਰਫ ਇਕੋ ਸਪਲੀਮੈਂਟਰੀ ਮਿਲਦਾ ਹੈ ਅਤੇ ਉਹ ਵੀ ਕਾਲ ਅਟੈਂਸ਼ਨ ਪੁੱਛਣ ਵਾਲੇ ਮੈਂਬਰ ਦੀ ਹੁੰਦੀ ਹੈ। ਕਿਸੇ ਦੂਸਰੇ ਨੂੰ ਇਸ ਵਿੱਚ ਸਪਲੀਮੈਂਟਰੀ ਅਲਾਓ ਨਹੀਂ ਹੁੰਦੀ। ਇਸ ਲਈ ਤੁਸੀਂ ਬੈਠੋ।

--------

**(ਕ੍ਰਮ ਨੰ: 36)**

**ਸਰਦਾਰ ਕੁਲਵੰਤ ਸਿੰਘ ਸਿੱਧੂ** : ਸ਼੍ਰੀਮਾਨ ਜੀ, ਮੈਂ ਆਪ ਜੀ ਦਾ ਧਿਆਨ ਆਪਣੇ ਹਲਕੇ ਵਿੱਚ 24/7 ਚੱਲ ਰਹੇ ਪ੍ਰਾਜੈਕਟਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਇਹ ਇਕ ਬਹੁਤ ਚੰਗਾ ਉਪਰਾਲਾ ਹੈ ਪਰ ਇਨ੍ਹਾਂ ਵੱਲੋਂ ਪਾਈਪ ਪਾਉਣ ਤੋਂ ਬਾਅਦ ਸੜਕਾਂ ਨੂੰ ਲਾਵਾਰਿਸ ਛੱਡ ਕੇ ਰਾਹਗੀਰਾਂ ਨੂੰ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਲੋਕਾਂ ਨੂੰ ਐਕਸੀਡੈਂਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਨਾਲੋਂ ਨਾਲ ਰਿਪੇਅਰ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਪਾਣੀ ਦੇ ਪਾਈਪ ਪਾਉਣ ਦੇ ਪ੍ਰਾਜੈਕਟ ਵਾਸਤੇ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿਉਂਕਿ ਪੰਜਾਬ ਵਿੱਚ ਪਾਣੀ ਦਾ ਪੱਧਰ ਦਿਨ-ਬ-ਦਿਨ ਥੱਲੇ ਡਿੱਗ ਰਿਹਾ ਸੀ। ਇਹ ਕਿਸਾਨੀ ਨੂੰ ਵੀ ਅਤੇ ਆਮ ਘਰਾਂ ਨੂੰ ਪੀਣ ਵਾਲਾ ਪਾਣੀ ਪ੍ਰੋਵਾਈਡ ਨਾ ਹੋਣ ਕਾਰਨ ਪ੍ਰਭਾਵਿਤ ਕਰ ਰਿਹਾ ਸੀ। ਸੋ, ਉਸ ਸਕੀਮ ਨੂੰ ਲਾਗੂ ਕਰਵਾਉਣ ਲਈ ਸੀਐਮ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਦੇ ਉਪਰਾਲੇ ਸਦਕਾ ਅੱਜ ਪਾਣੀ ਦਾ ਪੱਧਰ ਉੱਪਰ ਆਇਆ ਹੈ ਅਤੇ ਹਰ ਤੀਸਰੇ ਘਰ ਵਿੱਚ ਕੈਂਸਰ ਦੀ ਰੋਕਥਾਮ ਲਈ ਇਹ ਪ੍ਰਾਜੈਕਟ ਬੜਾ ਲਾਹੇਵੰਦਾ ਹੋਣਾ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕੰਪਨੀ ਨੂੰ ਇਹ ਪ੍ਰਾਜੈਕਟ ਦਿੱਤਾ ਗਿਆ ਹੈ, ਜਦੋਂ ਉਹ ਪਾਈਪਲਾਈਨ ਪਾਉਣੀ ਸ਼ੁਰੂ ਕਰਦੇ ਹਨ

**1145/Karamjit kaur**

ਸਬੰਧਤ ਵਿਧਾਇਕਾਂ ਅਤੇ ਕੌਂਸਲਰ ਸਾਹਿਬਾਨਾਂ ਨੂੰ ਭਰੋਸੇ ਵਿੱਚ ਲੈ ਕੇ, ਇਹ ਕਹਿ ਕੇ ਇਨ੍ਹਾਂ ਸੜਕਾਂ ਨੂੰ ਅਸੀਂ 45 ਦਿਨ ਦੇ ਵਿੱਚ ਵਿੱਚ ਆਪਣੀ ਪਾਈਪ ਪਾਉਣ ਤੋਂ ਬਾਅਦ ਜਿਸ ਤਰ੍ਹਾਂ ਸੜਕ ਪੁੱਟਣ ਤੋਂ ਪਹਿਲਾਂ ਸੀ, ਬਿਲਕੁਲ ਉਹੋ ਜਿਹੀ ਬਣਾਵਾਂਗੇ, ਚਾਹੇ ਉਹ ਲੁੱਕ ਦੀ ਸੜਕ ਹੈ, ਚਾਹੇ ਉਹ ਟਾਈਲਾਂ ਦੀ ਸੜਕ ਹੈ ਜਾਂ ਕਿਸੇ ਹੋਰ ਮੈਟੀਰੀਅਲ ਦੀ ਸੜਕ ਹੈ। ਪਰ ਮੈਂ ਇਹ ਬੜੇ ਦੁੱਖ ਨਾਲ ਕਹਿਣਾ ਚਾਹੁੰਦਾ ਹਾਂ ਕਿ ਆਪਣੀ ਪਾਈਪ ਵਿਛਾਉਣ ਤੋਂ ਬਾਅਦ ਉਹ ਇਲਾਕੇ ਦੇ ਲੋਕਾਂ ਦੀ ਸਾਰ ਬਿਲੁਕਲ ਨਹੀਂ ਲੈਂਦੇ। ਜਿਸ ਦੇ ਕਾਰਨ ਦਿਨ ਵਿੱਚ ਕਈ ਐਕਸੀਡੈਂਟਸ ਹੋ ਜਾਂਦੇ ਹਨ। ਜਿਹੜੀਆਂ ਕੰਮਕਾਰੀ ਮਹਿਲਾਵਾਂ ਹਨ ਅਤੇ ਸਕੂਲਾਂ ਨੂੰ ਜਾਣ ਵਾਲੇ ਬੱਚੇ ਹਨ ਤੇ ਕੰਮਕਾਰੀ ਲੋਕ ਆਪਣੇ ਦਫ਼ਤਰਾਂ ਨੂੰ ਜਾਂਦੇ ਹਨ, ਉਨ੍ਹਾਂ ਦੇ ਤਕਰੀਬਨ ਨਿੱਤ ਦਿਨ ਸੱਟਾਂ-ਫੇਟਾਂ ਲਗਦੀਆਂ ਹਨ। ਮੈਂ ਇਸ ਸਮੱਸਿਆ ਵੱਲ ਮੰਤਰੀ ਸਾਹਿਬ ਦਾ ਵਿਸ਼ੇਸ਼ ਰੂਪ ਵਿੱਚ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਦੁੱਗਰੀ ਰੋਡ, ਗਿੱਲ ਰੋਡ, ਮਾਡਲ ਟਾਊਨ, ਸਮਸ਼ਾਨ ਘਾਟ ਰੋਡ, ਜਿੱਥੇ ਕਿ ਉਨ੍ਹਾਂ ਦੁਆਰਾ ਆਪਣੀਆਂ ਪਾਈਪਾਂ ਪਾਈਆਂ ਨੂੰ ਘੱਟੋ-ਘੱਟ ਛੇ ਮਹੀਨੇ ਹੋ ਗਏ ਹਨ। In spite of all my instructions and requests, ਉਸ ਦੇ ਬਾਵਜੂਦ ਵੀ ਉਨ੍ਹਾਂ ਨੇ ਦੁਬਾਰਾ ਇਨ੍ਹਾਂ ਸੜਕਾਂ ਨੂੰ ਉਸ ਤਰ੍ਹਾਂ ਨਹੀਂ ਬਣਾਇਆ ਜਿਸ ਤਰ੍ਹਾਂ ਤੋੜਨ ਤੋਂ ਪਹਿਲਾਂ ਸੀ, ਇਹ ਸੜਕਾਂ ਤੋੜੀਆਂ ਗਈਆਂ ਸੀ। ਜੇਕਰ ਇਹ ਕੰਮ ਨਾ ਹੋਵੇਗਾ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਹਲਕੇ ਦੇ ਲੋਕਾਂ ਨੂੰ ਰੁਟੀਨ ਦੇ ਕੰਮਾਂ ਲਈ ਜਾਣ ਆਉਣ ਵਿੱਚ ਤੇ ਤੁਰਨ-ਫਿਰਨ ਵਿੱਚ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ ਅਤੇ ਉਨ੍ਹਾਂ

ਨੂੰ ਸੱਟਾਂ-ਫੇਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਆਸ ਵੀ ਕਰਦਾ ਹਾਂ ਕਿ ਮੰਤਰੀ ਸਾਹਿਬ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਜਲਦੀ ਤੋਂ ਜਲਦੀ ਇਹ ਜਿਹੜੀਆਂ ਸੜਕਾਂ ਹਨ, ਇਨ੍ਹਾਂ ਨੂੰ ਦੁਬਾਰਾ ਉਸ ਤਰ੍ਹਾਂ ਦੀਆਂ ਬਣਾਉਣਗੇ, ਜਿਸ ਤਰ੍ਹਾਂ ਦੀਆਂ ਇਨ੍ਹਾਂ ਨੇ ਪੁੱਟੀਆਂ ਸੀ। ਮੈਂ ਮੁੱਖ ਮੰਤਰੀ ਸਾਹਿਬ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੀ ਜਨਤਾ ਨੂੰ ਇਸ ਮਾਧਿਅਮ ਰਾਹੀਂ ਅਵੇਅਰ ਵੀ ਕਰਵਾਇਆ ਕਿ ਕਿਸ ਕਿਸ ਪੀਰੀਅਡ ਦੇ ਦਰਮਿਆਨ ਸੜਕਾਂ ਦਾ ਨਿਰਮਾਣ ਹੁੰਦਾ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਥਾਨਕ ਸਰਕਾਰ ਮੰਤਰੀ ਜੀ ਜਵਾਬ ਦੇਣਗੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ, ਲੁਧਿਆਣਾ ਸਥਾਈ ਜਲ ਪ੍ਰੋਜੈਕਟ ਸ਼ਹਿਰ ਨੂੰ ਟਿਕਾਊ ਅਤੇ ਸਾਫ਼ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਇੱਕ ਮਹੱਤਵਪੂਰਨ ਫਲੈਗਸ਼ਿਪ ਪ੍ਰੋਜੈਕਟ ਹੈ। ਇਹ ਬਹੁਤ ਹੀ ਜਨਤਕ ਮਹੱਤਵ ਵਾਲਾ ਪ੍ਰੋਜੈਕਟ ਹੈ ਜਿਸ ਦੇ ਮੁਕੰਮਲ ਹੋਣ ਨਾਲ ਭੂ-ਜਲ ਤੇ ਨਿਰਭਰਤਾ ਵਿੱਚ ਮਹੱਤਵਪੂਰਨ ਕਮੀ ਆਵੇਗੀ।

ਆਤਮ ਨਗਰ ਵਿਧਾਨ ਸਭਾ ਹਲਕੇ ਵਿੱਚ ਕੁੱਲ 19.2 ਕਿਲੋਮੀਟਰ ਪਾਈਪ ਲਾਈਨ ਨੈੱਟਵਰਕ ਵਿਛਾਇਆ ਜਾਣਾ ਹੈ। ਜਿਸ ਵਿੱਚੋਂ 9.9 ਕਿਲੋਮੀਟਰ ਟਰਾਂਸਮਿਸ਼ਨ ਪਾਈਪ ਲਾਈਨ ਵਿਛਾਈ ਜਾ ਚੁੱਕੀ ਹੈ ਅਤੇ 3.2 ਕਿਲੋਮੀਟਰ ਸੜਕਾਂ ਦੀ ਮੁੜ ਕਾਰਪੈਟਿੰਗ ਦਾ ਕੰਮ ਵੀ ਮੁਕੰਮਲ ਕੀਤਾ ਜਾ ਚੁੱਕਾ ਹੈ । ਬਾਕੀ ਰਹਿੰਦੀਆਂ ਸੜਕਾਂ ਦੀ ਬਹਾਲੀ ਦਾ ਕੰਮ ਪੜਆਵਾਰ ਢੰਗ ਨਾਲ ਕੀਤਾ ਜਾ ਰਿਹਾ ਹੈ। ਮੌਜੂਦਾ ਮੌਨਸੂਨ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤਿਮ ਕਾਰਪੈਟਿੰਗ ਤੋਂ ਪਹਿਲਾਂ ਸੜਕ ਦੀ ਸੈਟਲਮੈਂਟ ਅਤੇ ਕੰਪੈਕਸ਼ਨ ਯਕੀਨੀ ਬਣਾਉਣ ਲਈ ਲੋੜੀਂਦਾ ਸਮਾਂ ਦਿੱਤਾ ਜਾ ਰਿਹਾ ਹੈ। ਪਹਿਲਾਂ ਤੋਂ ਪੁੱਟੀਆਂ ਗਈਆਂ ਸੜਕਾਂ ਦੀ ਬਹਾਲੀ ਦਾ ਕੰਮ ਮਿਤੀ 30.9.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਪੂਰੇ ਪ੍ਰੋਜੈਕਟ ਦੀ ਜੋ ਡੈੱਡਲਾਈਨ ਹੈ, ਉਹ ਮਿਤੀ 31.3.2027 ਤੱਕ ਹੈ।

ਮਾਣਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ, ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਜਿਹੜੇ ਸਾਡੇ ਸ਼ਹਿਰ ਹਨ, ਸ੍ਰੀ ਅੰਮ੍ਰਿਤਸਰ ਸਾਹਿਬ, ਜਲੰਧਰ, ਪਟਿਆਲਾ, ਲੁਧਿਆਣਾ ਅਤੇ ਨੰਗਲ, ਇਨ੍ਹਾਂ ਸ਼ਹਿਰਾਂ ਨੂੰ ਹੁਣ ਨਹਿਰੀ ਪਾਣੀ ਦਿੱਤਾ ਜਾ ਰਿਹਾ ਹੈ। ਲੁਧਿਆਣੇ ਦਾ ਇੱਕ ਬਹੁਤ ਹੀ ਵੱਡਾ ਪ੍ਰੋਜੈਕਟ ਹੈ, ਇਹ ਨਾਰਥ ਇੰਡੀਆ ਦਾ ਸਭ ਤੋਂ ਵੱਡਾ ਡਰਿੰਕਿੰਗ ਵਾਟਰ ਪ੍ਰੋਜੈਕਟ ਹੈ। ਕਿਉਂਕਿ ਪੂਰੇ ਲੁਧਿਆਣੇ ਨੂੰ 24 ਘੰਟੇ ਲਈ ਰੀਵਰ ਵਾਟਰ ਦੀ ਸਹੂਲਤ ਦਿੱਤੀ ਜਾਵੇਗੀ। ਉਸ ਦੇ ਲਈ ਮੈਸ: ਕਲਾਪਟਰੂ ਪ੍ਰੋਜੈਕਟ ਇੰਟਰਨੈਸ਼ਨਲ ਲਿਮਟਿਡ, ਇਸ ਦਾ ਕਨਸੈਸ਼ਨੇਅਰ ਹੈ। ਮਾਣਯੋਗ ਵਿਧਾਇਕ ਸਾਹਿਬ ਨੇ ਜਿਵੇਂ ਪੁੱਛਿਆ ਹੈ, ਜੇਕਰ ਮੈਂ ਏਰੀਏਵਾਈਜ਼ ਗੱਲ ਕਰਾਂ, ਮਾਡਲ ਟਾਊਨ ਵਿੱਚ ਵੱਖ ਵੱਖ ਡਾਇਆ ਦੇ 300 ਅਤੇ 350 ਮੀਟਰ ਦੇ ਪਾਈਪ ਪੈਣੇ ਸੀ, 849 ਮੀਟਰ ਲੇਟ ਹੋ ਗਿਆ ਹੈ, ਸਕੋਪ 897 ਮੀਟਰ ਦਾ ਸੀ ਪ੍ਰੀਤ ਰੋਡ ਇੱਥੇ 849 ਹੀ ਰਿਸਟੋਰ ਹੋ ਗਈ। ਮਾਡਲ ਟਾਊਨ, ਦੁੱਗਰੀ ਰੋਡ ਵੀ ਹੋ ਗਈ ਹੈ ਅਤੇ ਬਾਕੀ ਜਗ੍ਹਾ ਦੇ ਉੱਤੇ, ਮਾਡਲ ਟਾਊਨ-ਡੀ ਬਲਾਕ, ਦੁੱਗਰੀ ਪੁਲਿਸ ਰੋਡ, ਦੁੱਗਰੀ 200 ਫੀਟ ਰੋਡ, ਗਿੱਲ ਰੋਡ ਨੇੜੇ ਏ.ਟੀ.ਆਈ. ਚੌਕ, ਇੱਥੇ ਜਿਹੜਾ ਹੈ ਨੀਅਰ ਬਾਵਾ ਚੌਕ,

ਇੱਥੇ ਪਾਈਪ ਲਾਈਨਾਂ ਪੈ ਗਈਆਂ ਹਨ ਪਰ ਰੋਡ ਰੀਸਟੋਰ ਦਾ ਕੰਮ due to monsoon ਥੋੜ੍ਹਾ ਢਿੱਲਾ ਚੱਲ ਰਿਹਾ ਹੈ। ਸਾਨੂੰ ਇਹ ਕੰਪਲੇਂਟਸ ਪਟਿਆਲੇ ਤੋਂ ਵੀ ਆਉਂਦੀਆਂ ਹਨ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵੀ ਕੰਪਲੇਂਟਸ ਆਉਂਦੀਆਂ ਹਨ। ਜਿੱਥੇ ਜਿੱਥੇ ਵੀ ਪਾਈਪ ਲਾਈਨਜ ਦਾ ਕੰਮ ਚੱਲ ਰਿਹਾ ਹੈ, ਅਸੀਂ ਇਸ ਨੂੰ ਹਰ ਹਫ਼ਤੇ ਮੌਨੀਟਰ ਵੀ ਕਰਦੇ ਹਾਂ ਅਤੇ ਅਸੀਂ ਇਸ ਕੰਮ ਨੂੰ ਹੋਰ ਸਪੀਡਅੱਪ ਕਰਵਾਵਾਂਗੇ। ਅੱਜ ਅਸੀਂ ਇੱਥੇ ਸਦਨ ਵਿੱਚ ਹਾਂ, ਵੈਸੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਰੀਵਿਊ ਹੁੰਦਾ ਹੈ। ਮੈਂ ਇਹ ਵੀ ਪ੍ਰੌਮਿਸ ਕਰਦਾ ਹਾਂ ਕਿ ਅਗਲੇ ਹਫ਼ਤੇ ਅਸੀਂ ਮਾਣਯੋਗ ਵਿਧਾਇਕ ਸਾਹਿਬ ਨੂੰ ਮੀਟਿੰਗ ਵਿੱਚ ਬੁਲਾ ਵੀ ਲਵਾਂਗੇ। If he is not available, then ਵੀਡੀਓ ਕਾਲ ਤੇ ਨਾਲ ਲੈ ਕੇ ਇਸ ਸਬੰਧੀ ਸਬੰਧਤ ਅਫ਼ਸਰਾਂ ਤੋਂ ਜਾਣਕਾਰੀ ਲੈ ਲਵਾਂਗੇ। ਵੈਸੇ ਅਸੀਂ ਹਰ ਇੱਕ ਰੋਡ ਤੇ ਹਰ ਇੱਕ ਕਿਲੋਮੀਟਰ ਨੂੰ ਮੌਨੀਟਰ ਕਰਦੇ ਹਾਂ।

**ਮਾਣਯੋਗ ਸਪੀਕਰ**: Thank you very much. ਸਿੱਧੂ ਸਾਹਿਬ, ਠੀਕ ਹੈ ਜੀ?

**ਸਰਦਾਰ ਕੁਲਵੰਤ ਸਿੰਘ ਸਿੱਧੂ**: ਸਪੀਕਰ ਸਾਹਿਬ, ਜਿਹੜਾ ਕੰਮ ਉੱਥੇ 19 ਕਿਲੋਮੀਟਰ ਦਾ ਹੋਣਾ ਸੀ, ਉਸ ਦੇ ਵਿੱਚੋਂ ਸਿਰਫ 6 ਕਿਲੋਮੀਟਰ ਕੰਮ ਹੋਇਆ ਹੈ। ਮੈਂ ਸਮਝਦਾ ਹਾਂ ਕਿ ਮੰਤਰੀ ਸਾਹਿਬ, ਜਿਹੜਾ 13 ਕਿਲੋਮੀਟਰ ਏਰੀਆ ਅਜੇ ਨਹੀਂ ਬਣਿਆ, ਉਹ ਅੱਜ ਬਰਸਾਤ ਦੇ ਮੌਸਮ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਬਣਾਇਆ ਜਾ ਸਕਦਾ ਸੀ। ਮੈਂ ਚਾਹੁੰਦਾ ਹਾਂ ਕਿ ਅਣਗਹਿਲੀ ਲਈ ਸਬੰਧਤ ਅਫ਼ਸਰਾਂ ਦੀ ਜ਼ਿੰਮੇਵਾਰੀ ਜ਼ਰੂਰ ਫਿਕਸ ਕਰੋ ਕਿ ਕਿਉਂ ਇੰਨੀ ਵੱਡੀ ਅਣਗਹਿਲੀ ਕੀਤੀ ਗਈ ਹੈ। ਇਹ ਕਰੋੜਾਂ ਰੁਪਏ ਦਾ ਪ੍ਰੋਜੈਕਟ ਹੈ, ਇਹ ਲੋਕਾਂ ਦੀ ਸਹੂਲਤ ਲਈ ਹੈ। ਇਸ ਦਾ ਮਤਲਬ ਇਹ ਨਹੀਂ ਕਿ ਜੇ ਆਪਾਂ ਪੀਣ ਵਾਲਾ ਪਾਣੀ ਪਹੁੰਚਾਉਣਾ ਹੈ ਤਾਂ ਸੜਕਾਂ ਦੀ ਹਾਲਤ ਖਰਾਬ ਰਹੇ।

**1150/harpreet singh**

ਜਿਹੜੇ ਲੋਕਾਂ ਦੇ ਵਹੀਕਲ ਪਤਾ ਨਹੀਂ ਕਿੰਨੀਆਂ ਕਿਸ਼ਤਾਂ ਕਰਕੇ ਅਗਲੇ ਨੇ ਲਿਆ ਹੁੰਦਾ ਹੈ, ਜਿਸ ਨੇ ਮੋਟਰ ਸਾਈਕਲ ਲਿਆ ਹੁੰਦਾ ਹੈ, ਉਸ ਨੂੰ ਹੀ ਪਤਾ ਹੁੰਦਾ ਕਿ ਕਿਵੇਂ ਪੈਸੇ ਇਕੱਠੇ ਕਰਕੇ ਲਿਆ ਹੈ। ਸੋ, ਉਨ੍ਹਾਂ ਦਾ ਨੁਕਸਾਨ ਹੁੰਦਾ ਹੈ। ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੀਟਿੰਗ ਫਿਕਸ ਕੀਤੀ ਹੈ। ਉਸ ਵਿਚ ਅਧਿਕਾਰੀਆਂ ਨੂੰ ਸਖਤ ਤਾੜਨਾ ਕਰਿਓ ਅਤੇ ਜਿਨਾ ਚਿਰ ਬਰਸਾਤ ਕਾਰਨ ਸੜਕਾਂ ਨਹੀਂ ਬਣਦੀਆਂ ਤਾਂ ਉਨ੍ਹਾਂ ਤੇ ਡੈਟਰਨਿਕਸ ਪਾ ਕੇ ਉਨ੍ਹਾਂ ਦੀ ਲੈਵਲਿੰਗ ਕਰ ਦਿੱਤੀ ਜਾਵੇ ਤਾਂ ਕਿ ਲੋਕ ਉੱਥੇ ਚੱਲਣ ਫਿਰਨ ਦੇ ਸਮਰੱਥ ਹੋ ਸਕਣ। ਤੁਹਾਡਾ ਬਹੁਤ ਧੰਨਵਾਦ।

**ਸਥਾਨਕ ਸਰਕਾਰ ਮੰਤਰੀ**: ਸਪੀਕਰ ਸਾਹਿਬ, ਇਹ ਮੇਰੇ ਅੰਕਲ ਹਨ, ਮੇਰੇ ਬੜੇ ਸਤਿਕਾਰਯੋਗ ਹਨ। ਇਨ੍ਹਾਂ ਨਾਲ ਮੇਰੀ ਪਰਿਵਾਰਕ ਸਾਂਝ ਹੈ। ਇਨ੍ਹਾਂ ਦਾ ਬੇਟਾ ਮੇਰਾ ਕਲਾਸਮੇਟ ਰਿਹਾ ਹੈ। ਤੁਸੀਂ ਅਗਲੇ ਸ਼ੁੱਕਰਵਾਰ ਮੇਰੇ ਕੋਲ ਆ ਜਾਇਓ, ਜਿਸ ਨੂੰ ਕਹੋਗੇ, ਉਸ ਨੂੰ ਟੰਗ ਦਿਆਂਗੇ। ਤੁਹਾਡੀ ਇੱਛਾ ਮੁਤਾਬਿਕ ਕਰਾਂਗੇ।

**ਮਾਣਯੋਗ ਸਪੀਕਰ**: ਉਹ ਤੇਰਾ ਭਲਾ ਹੋਵੇ। (ਹਾਸਾ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਬੈਠੇ ਬੈਠੇ ਸਥਾਨਕ ਸਰਕਾਰ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਨਾਲ ਬਹਿਸ ਰਹੇ ਸਨ।)

-----------

## STATEMENT BY MINISTER OF N.R.I. AFFAIRS REGARDING MASS WORK PERMIT REFUSALS OF 1,500 INTERNATIONAL STUDENTS

**ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਕੈਨੇਡੀਅਨ ਸੋਇਲ ਤੇ ਚੱਲ ਰਹੇ ਮੁੱਦੇ ਦੀ ਜਾਣਕਾਰੀ ਸਦਨ ਨੂੰ ਦੇਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਤਕਰੀਬਨ ਤਿੰਨ ਚਾਰ ਹਫ਼ਤਿਆਂ ਤੋਂ ਕੈਨੇਡੀਅਨ ਸੋਇਲ ਦੇ ਟਾਊਨ ਕੈਲਗਿਰੀ ਵਿਚ ਤਕਰੀਬਨ 1500 ਅੰਤਰਰਾਸ਼ਟੀ ਵਿਦਿਆਰਥੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਹਨ, ਧਰਨੇ ਤੇ ਬੈਠੇ ਹਨ। ਕਾਰਨ ਇਹ ਹੈ ਕਿ ਕੈਨੇਡੀਅਨ ਫੈਡਰਲ ਸਰਕਾਰ ਦੇ ਆਈ.ਆਰ.ਸੀ.ਸੀ. ਵਿਭਾਗ ਵੱਲੋਂ ਜੋ ਵੀਜ਼ਾ, ਵਰਕ ਪਰਮਿਟ, ਪਰਮਾਨੈਂਟ ਰੈਜ਼ੀਡੈਂਟ, ਸਿਟੀਜ਼ਨਸ਼ਿਪ ਆਦਿ ਨੂੰ ਵੇਖਦਾ ਹੈ। ਉਨ੍ਹਾਂ ਵੱਲੋਂ ਸਾਡੇ ਬੱਚਿਆਂ ਦਾ ਵਰਕ ਪਰਮਿਟ ਦਾ ਇਕ ਮਾਸ ਰਿਫਿਊਜ਼ਲ ਕੀਤਾ ਗਿਆ ਹੈ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਈ 2024 ਵਿਚ 1500 ਵਿਦਿਆਰਥੀਆਂ ਦੀ ਇਨਰੋਲਮੈਂਟ ਹੁੰਦੀ ਹੈ ਅਤੇ ਦੋ ਸਾਲ ਦਾ ਇਹ ਡਿਪਲੋਮਾ ਕੋਰਸ ਸੀ। ਪੋਰਟੇਜ ਕਾਲਜ, ਲੈਕਲਾ ਬੀਚ ਕਾਊਂਟੀ, ਅਲਬਰਟਾ ਵਿਚ ਦਾਖਲਾ ਹੋਇਆ। ਇਸ ਕਾਲਜ ਨੇ ਪਬਲਿਕ ਪ੍ਰਾਈਵੇਟ ਪਾਰਟਨਿਰਸ਼ਿਪ ਤਹਿਤ ਅੱਗੇ ਦੋ ਕਾਲਜਾਂ ਨਾਲ ਟਾਈਅੱਪ ਕੀਤਾ। ਉਸ ਵਿਚੋਂ ਇਕ ਸੀ.ਆਈ.ਓ.ਟੀ. (ਕੈਨੇਡੀਅਨ ਇੰਸਟੀਚਿਊਟ ਆਫ਼ ਓਸਟਰੀਓਪੈਥਿਕ ਥੈਰੇਪੀ, ਕੈਲਗਰੀ) ਅਤੇ ਦੂਜਾ ਕੈਨਬਲ ਕਾਲਜ, ਐਡਮਿੰਟਨ ਸੀ। ਦੋ ਸਾਲ ਦਾ ਕੋਰਸ ਸੀ, ਜਿਸ ਦੀ ਫੀਸ 32 ਹਜ਼ਾਰ ਕੈਨੇਡੀਅਨ ਡਾਲਰ ਸੀ, ਜੋ ਭਾਰਤੀ ਕਰੰਸੀ ਵਿਚ ਤਕਰੀਬਨ 20 ਲੱਖ ਰੁਪਏ ਬਣਦੀ ਹੈ। ਮੈਂ ਇੱਥੇ ਇਹ ਵੀ ਜਾਣਕਾਰੀ ਦੇਣੀ ਚਾਹਾਂਗਾ ਕਿ ਜਿਹੜੇ ਕੋਰਸਿਜ਼ ਉੱਥੇ ਚੱਲ ਰਹੇ ਸੀ। ਉਹ ਦੋ ਤਰ੍ਹਾਂ ਦੇ ਕੋਰਸ ਸਨ। ਇਕ ਕਰੈਡਿਟ ਕੋਰਸ ਅਤੇ ਦੂਜਾ ਨਾਨ ਕਰੈਡਿਟ ਕੋਰਸ ਹੁੰਦਾ ਹੈ। ਵੈਲਿਡ ਕੋਰਸ ਸਪੈਸਿਫਿਕ ਡਿਗਰੀ ਵਾਸਤੇ ਹੁੰਦਾ ਹੈ, ਉਸ ਦੀ ਡਿਗਰੀ ਵੈਲਿਡ ਹੁੰਦੀ ਹੈ। ਜਿਹੜਾ ਕਰੈਡਿਟ ਕੋਰਸ ਹੁੰਦਾ ਹੈ, ਉਸ ਤੋਂ ਬਾਅਦ ਤਿੰਨ ਸਾਲ ਦਾ ਗਰੈਜੁਏਟ ਵਰਕ ਪਰਮਿਟ ਮਿਲਦਾ ਹੈ। ਦੂਸਰਾ ਕੋਰਸ ਨਾਨ ਕਰੈਡਿਟ ਕੋਰਸ ਹੁੰਦਾ ਹੈ, ਜਿਹੜਾ ਸਕਿਲ ਡਿਵੈਲਪਮੈਂਟ ਸਰਟੀਫਿਕੇਟ ਪ੍ਰੋਗਰਾਮ ਕੋਰਸ ਹੁੰਦਾ ਹੈ। ਇਹ ਕੋਰਸ ਕਰਨ ਵਾਲੇ ਵਿਦਿਆਰਥੀ ਵਰਕ ਪਰਮਿਟ ਲਈ ਯੋਗ ਨਹੀਂ ਹੁੰਦੇ। ਸਾਨੂੰ ਵਿਦਿਆਰਥੀਆਂ ਕੋਲੋਂ ਜੋ ਜਾਣਕਾਰੀ ਮਿਲੀ, ਉਸ ਮੁਤਾਬਿਕ ਉਨ੍ਹਾਂ ਦੀ 2024 ਵਿਚ ਇਨਰੋਲਮੈਂਟ ਹੋਈ ਅਤੇ ਕਾਲਜ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦਾ ਕੋਰਸ ਵਰਕ ਪਰਮਿਟ ਲਈ ਇਲੀਜੀਬਲ ਹੈ ਅਤੇ ਕੋਰਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲੇਗਾ। ਪਰ ਅਫ਼ਸੋਸ ਦੀ ਗੱਲ ਹੈ ਕਿ ਜਦੋਂ ਉਨ੍ਹਾਂ ਵਰਕ ਪਰਮਿਟ ਲੈਣੇ ਸ਼ੁਰੂ ਕੀਤੇ ਤਾਂ ਬਹੁਤ ਸਾਰ ਬੱਚਿਆਂ ਨੂੰ ਮਾਸ ਰਿਫਿਊਜ਼ਲ ਮਿਲਿਆ। ਸਪੀਕਰ ਸਾਹਿਬ, ਹੈਰਾਨੀ ਦੀ ਗੱਲ ਇਹ ਹੈ ਕਿ ਇਕੋ ਸਮੈਸਟਰ, ਇਕੋ ਕੋਰਸ, ਇਕੋ ਬੈਚ ਦੇ ਬੱਚਿਆਂ ਨੂੰ ਇਕ ਪਾਸੇ ਵਰਕ ਪਰਮਿਟ ਮਿਲ ਰਿਹਾ ਹੈ ਅਤੇ ਦੂਜੇ ਪਾਸੇ ਵਰਕ ਪਰਮਿਟ ਡਿਨਾਈ ਹੋ ਰਿਹਾ ਹੈ। ਇੱਥੇ ਵੀ ਸਾਨੂੰ ਪਤਾ ਲਗਿਆ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਵਰਕ ਪਰਮਿਟ

ਦਿੱਤਾ ਗਿਆ ਸੀ, ਉਨ੍ਹਾਂ ਦਾ ਵੀ ਡਿਨਾਈ ਕਰ ਦਿੱਤਾ ਹੈ। ਜੇਕਰ ਚਾਰ ਪੰਜ ਜਾਂ 10 ਬੱਚਿਆਂ ਦਾ ਵਰਕ ਪਰਮਿਟ ਰਿਫਿਊਜ਼ਲ ਹੋਵੇ ਤਾਂ ਸਮਝਿਆ ਜਾ ਸਕਦਾ ਹੈ ਕਿ ਵਿਦਿਆਰਥੀਆਂ ਵੱਲੋਂ ਕੋਈ ਤਕਨੀਕੀ ਖਾਮੀ ਰਹਿ ਗਈ ਪਰ ਜੇਕਰ ਹੁਣ 500-1000 ਜਾਂ 1500 ਵਿਦਿਆਰਥੀਆਂ ਦਾ ਰਿਫਿਊਜ਼ਲ ਹੋਵੇ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਇਹ ਸਿਸਟਮ ਦਾ ਫੇਲੀਅਰ ਹੈ, ਕਾਲਜ ਦੇ ਪੱਧਰ ਤੇ ਗਲਤੀ ਹੈ ਜਾਂ ਪ੍ਰੋਵਿੰਸ਼ੀਅਲ ਪੱਧਰ ਤੇ ਕੋਈ ਖਾਮੀ ਹੈ ਜਾਂ ਫੈਡਰਲ ਸਰਕਾਰ ਦੇ ਪੱਧਰ ਤੇ ਕੋਈ ਗਲਤੀ ਹੋਈ ਹੈ। ਸਪੀਕਰ ਸਾਹਿਬ, ਇਹ ਮੁੱਦਾ ਬਤੌਰ ਐਨ.ਆਰ.ਆਈ. ਮੰਤਰੀ ਮੇਰੇ ਧਿਆਨ ਵਿਚ ਆਇਆ ਤਾਂ ਅਸੀਂ ਇਹ ਮਾਮਲਾ ਕੇਂਦਰ ਸਰਕਾਰ ਦੀ ਮਨਿਸਟਰੀ ਆਫ਼ ਐਕਸਟਰਨਲ ਅਫੇਅਰਜ਼ ਨਾਲ ਟੇਕਅੱਪ ਕੀਤਾ। ਅਸੀਂ ਕੇਂਦਰੀ ਐਕਸਟਰਨਲ ਅਫੇਅਰਜ਼ ਮੰਤਰੀ ਤੋਂ ਸਮਾਂ ਮੰਗਿਆ ਹੈ ਤਾਂ ਕਿ ਕੇਂਦਰ ਸਰਕਾਰ ਦੇ ਪੱਧਰ ਤੇ ਇਹ ਮਾਮਲਾ ਟੇਕਅੱਪ ਕੀਤਾ ਜਾ ਸਕੇ। ਅਸੀਂ ਮੰਗ ਕਰਦੇ ਹਾਂ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਇਨਸਾਫ਼ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਇਨਰੋਲਮੈਂਟ ਹੋਈ ਸੀ ਤਾਂ ਉਸ ਵੇਲੇ ਉਨ੍ਹਾਂ ਦਾ ਕੋਰਸ ਵਰਕ ਪਰਮਿਟ ਲਈ ਇਲੀਜੀਬਲ ਸੀ। ਸੋ, ਮੈਂ ਕਹਾਂਗਾ ਕਿ ਜਿਹੜੀਆਂ ਉਨ੍ਹਾਂ ਦੀਆਂ ਵਰਕ ਪਰਮਿਟ ਦੀਆਂ ਐਪਲੀਕੇਸ਼ਨਾਂ ਰਿਜੈਕਟ ਹੋਈਆਂ ਹਨ, ਉਨ੍ਹਾਂ ਨੂੰ ਰਿਵਿਊ ਕੀਤਾ ਜਾਵੇ ਅਤੇ ਇਕ ਸਿੰਪੇਥੈਟਿਕ ਐਟੀਟਿਊਡ ਅਤੇ ਸਿੰਪੇਥੈਟਿਕ ਅਪਰੋਚ ਨਾਲ ਇਹ ਮਾਮਲਾ Ministry Of Immigration Canada ਅਤੇ ਪ੍ਰੋਵਿੰਸ਼ੀਅਲ ਸਰਕਾਰ, ਅਲਬਰਟਾ ਨਾਲ ਟੇਕਅੱਪ ਕੀਤਾ ਜਾਵੇ।

**1150/harpreet singh/BS khokhar**

**1155/amandeep kaur**

ਇੱਕ sympathetic approach ਨਾਲ ਉਨ੍ਹਾਂ ਦਾ ਕੋਈ ਹੱਲ ਕੀਤਾ ਜਾਵੇ। ਸਾਨੂੰ 2 ਤਰ੍ਹਾਂ ਦੀ ਲੜਾਈ ਲੜਨੀ ਪੈ ਰਹੀ ਹੈ। ਇੱਕ ਗੌਰਮਿੰਟ ਲੈਵਲ ਤੇ ਲੜਨੀ ਪੈ ਰਹੀ ਹੈ, ਦੂਸਰਾ ਉੱਥੋਂ ਦੇ ਲੋਕਲ ਐਮ.ਪੀਜ਼ ਚਾਹੇ ਉਹ various parties ਦੇ ਹੋਣ, ਚਾਹੇ conservative ਪਾਰਟੀ ਦੇ ਹੋਣ, ਚਾਹੇ liberal ਪਾਰਟੀ ਦੇ ਹੋਣ ਚਾਹੇ new democratic party ਦੇ ਹੋਣ, ਉਨ੍ਹਾਂ ਨੂੰ ਮੈਂ ਕਹਾਂਗਾ ਕਿ above the party line ਉੱਪਰ ਉੱਠ ਕੇ ਉਨ੍ਹਾਂ ਬੱਚਿਆਂ ਦੀ ਹੈਲਪ ਕੀਤੀ ਜਾਵੇ। ਸਰਕਾਰ ਵੱਲੋਂ under the guidance of Sardar Bhagwant Singh Mann, ਹਰ ਮੁਮਕਿਨ ਹਰ best possible help ਕੀਤੀ ਜਾਵੇਗੀ। ਸਾਨੂੰ ਲੱਗਦਾ ਹੈ ਕਿ ਸਾਨੂੰ Federal Court ਵਿੱਚ ਲੀਗਲ ਲੜਾਈ ਲੜਨੀ ਪੈਣੀ ਹੈ। ਉਸ ਦੇ ਵਾਸਤੇ ਵੀ ਅਸੀਂ ਬੱਚਿਆਂ ਦੀ ਹਰ ਮੁਮਕਿੰਨ ਹੈਲਪ ਕਰਾਂਗੇ। ਮੈਂ ਗੌਰਮਿੰਟ ਆਫ ਇੰਡੀਆ ਦੇ External Affair Minister ਨੂੰ ਮਦਦ ਲਈ request ਵੀ ਕੀਤੀ ਹੈ ਕਿ ਇਸ ਤਰ੍ਹਾਂ ਦਾ ਰਾਹ ਖੋਲਿਆ ਜਾਵੇ ਕਿ for the time being ਉਨ੍ਹਾਂ ਬੱਚਿਆਂ ਨੂੰ temporary resident permit ਜਾਂ ਕੋਈ conditional work permit Canadian Central Government ਵੱਲੋਂ ਦਿੱਤਾ ਜਾਵੇ। ਜਿਹੜੇ ਸਾਡੇ ਬੱਚੇ ਜਿਹੜੇ ਉੱਥੇ ਧਰਨੇ ਤੇ ਬੈਠੇ ਹਨ, ਮੈਂ ਸਦਨ ਨੂੰ, ਉਨ੍ਹਾਂ ਬੱਚਿਆਂ ਨੂੰ, ਉਨ੍ਹਾਂ ਦੇ ਬੱਚਿਆਂ ਦੇ ਪਰਿਵਾਰਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਵਿਭਾਗ ਹਰ ਮੁਮਕਿੰਨ ਹੈਲਪ ਲਈ ਖੜੀ ਹੈ ਅਤੇ ਪੰਜਾਬ ਸਰਕਾਰ ਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਵੀ ਖੜੇ ਹਨ। ਧੰਨਵਾਦ ਸਪੀਕਰ ਸਾਹਿਬ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਜਾਂ ਡਿਪਾਰਟਮੈਂਟ ਵੱਲੋਂ ਜਾਂ ਮੁੱਖ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਕੀ Counsellor General ਦੇ ਨਾਲ ਕੀ ਕੋਈ ਸੰਪਰਕ ਸਾਧਿਆ ਹੈ। ਕੀ ਉਨ੍ਹਾਂ ਬੱਚਿਆਂ ਨੂੰ ਕੋਈ ਸਰਕਾਰ ਵੱਲੋਂ financial aid ਮੁਹੱਈਆ ਕਰਵਾਈ ਜਾਵੇਗੀ? ਜੇਕਰ ਉੱਥੇ ਬੱਚਿਆਂ ਨੇ ਵਕੀਲ hire ਕਰਕੇ ਆਪਣਾ ਕੇਸ ਲੜਨਾ ਹੈ ਤਾਂ ਕੀ ਪੰਜਾਬ ਸਰਕਾਰ ਕੋਈ financial aid ਦੇਵੇਗੀ?

**ਪ੍ਰਵਾਸੀ ਭਾਰਤੀ ਮਾਮਲੇ ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਉੱਥੋਂ ਦੀ ground reality ਜੋ ਹੈ ਉਸ ਮੁਤਾਬਿਕ ਸਾਨੂੰ ਲੀਗਲੀ ਲੜਾਈ ਲੜਨੀ ਪੈਣੀ ਹੈ, ਕੋਈ competent lawyer ਕਰਨਾ ਪੈਣਾ ਹੈ ਜਿਸ ਨੂੰ immigration ਬਾਰੇ Human Rights Law ਦੇ ਬਾਰੇ ਬਹੁਤ ਵੱਡਾ experience ਹੋਵੇ। Definitely, Punjab Government help ਕਰੇਗੀ। ਅਸੀਂ ਇਸ ਸਬੰਧ ਵਿੱਚ ਟਾਈ-ਅੱਪ ਕਰ ਰਹੇ ਹਾਂ। ਜਿਸ province ਵਿੱਚ ਇਹ ਮਸਲਾ ਹੋਇਆ ਹੈ ਉੱਥੇ ਜਿਹੜੇ Premier of Alberta ਨੇ, ਉਨ੍ਹਾਂ ਵੱਲੋਂ ਸਖਤ ਸਟੈਂਡ ਲਿਆ ਜਾ ਰਿਹਾ ਹੈ। But we are into it. ਅਸੀਂ table talk ਕਰਕੇ ਇਸ ਮਸਲੇ ਦਾ ਜ਼ਰੂਰ ਕੋਈ ਨਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰਾਂਗੇ।

-----------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ:** ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਮੱਦ ਨੰ. **III** ਅਧੀਨ ਦਰਸਾਏ ਗਏ ਲੜੀ ਨੰ. **1** ਤੋਂ **3** ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ:

(1) ਦ ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਆਰਡੀਨੈਂਸ, 2026 (2026 ਦਾ ਪੰਜਾਬ ਆਰਡੀਨੈਂਸ ਨੰ:2) ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2) (ੳ) ਅਧੀਨ ਲੋੜੀਂਦਾ ਹੈ।

(2) ਸਾਲ 2020-21 ਲਈ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੀ 38ਵੀਂ ਸਾਲਾਨਾ ਲੇਖਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀ ਐਕਟ, 1956 ਦੀ ਧਾਰਾ 619-ੳ (3) (ਅ) ਅਧੀਨ ਲੋੜੀਂਦਾ ਹੈ ।

(3) ਸਾਲ 2021-22 ਲਈ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੀ 39ਵੀਂ ਸਾਲਾਨਾ ਲੇਖਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀ ਐਕਟ, 1956 ਦੀ ਧਾਰਾ 619-ੳ (3) (ਅ) ਅਧੀਨ ਲੋੜੀਂਦਾ ਹੈ ।

-------

## LEGISLATIVE BUSINESS

### 1. THE PUNJAB COMMON INFRASTRUCTURE (REGULATION AND MAINTENANCE) BILL, 2026

**ਮਾਣਯੋਗ ਸਪੀਕਰ:** ਇਹ ਬਿਲ ਸੋਮਵਾਰ ਨੂੰ ਟੇਕ-ਅੱਪ ਕੀਤਾ ਜਾਵੇਗਾ।

-------

### 2. THE PUNJAB REGULATION OF FEES OF UN-AIDED EDUCATIONAL INSTITUTIONS (AMENDMENT) Bill, 2026

**ਮਾਣਯੋਗ ਸਪੀਕਰ:** ਮਾਣਯੋਗ ਸਿੱਖਿਆ ਮੰਤਰੀ ਬਿਲ ਪੇਸ਼ ਕਰਨਗੇ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ਼੍ਰੀਮਾਨ ਜੀ, ਮੈਂ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ** : ਸਦਨ ਸੋਮਵਾਰ, ਮਿਤੀ 10 ਅਗਸਤ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*11.59 ਵਜੇ ਪੂਰਵ ਦੁਪਹਿਰ (*ਇਸ ਉਪਰੰਤ ਸਦਨ ਸੋਮਵਾਰ, ਮਿਤੀ 10 ਅਗਸਤ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

-------

**1155/amandeep kaur/BS khokhar**